ਵੀਰਵਾਰ

dailylokbani

Email : lokbani08@gmail.com

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
ਲੋਕ ਬਾਣੀ
ਵੀਰਵਾਰ, 28 ਅਪ੍ਰੈਲ 2022

# ਸਪੈਸ਼ਲ

## ਜਾਣੋ ਕੀ ਹੈ

# ਅਲਰਜੀ



ਜੀਵਨ ਵਿਚ ਹਰ ਆਦਮੀ ਕਦੇ ਨਾ ਕਦੇ ਅਲਰਜੀ ਦਾ ਸ਼ਿਕਾਰ ਜ਼ਰੂਰ ਹੁੰਦਾ ਹੈ। ਭੋਜਨ ਕਰਕੇ ਅਲਰਜੀ ਦੇ ਕਾਰਨ ਰੋਜ਼ਾਨਾ ਜੀਵਨ ਵਿਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਆਖਰ ਅਲਰਜੀ ਕਿਉਂ ਹੁੰਦੀ ਹੈ ? ਇਸ ਦੇ ਕਿਹੜੇ-ਕਿਹੜੇ ਲੱਛਣ ਪੈਦਾ ਹੁੰਦੇ ਹਨ ਅਤੇ ਉਨ੍ਹਾਂ ਦਾ ਹੱਲ ਕਿਵੇਂ ਹੋ ਸਕਦਾ ਹੈ ਆਦਿ ਬਿੰਦੂਆਂ @ਤੇ ਇਸ ਲੇਖ ਵਿਚ ਵਿਚਾਰ ਕੀਤਾ ਜਾਵੇਗਾ।

ਅਸੀਂ ਜੋ ਕੁਝ ਵੀ ਭੋਜਨ ਦੇ ਰੂਪ ਵਿਚ ਗ੍ਰਹਿਣ ਕਰਦੇ ਹਾਂ, ਉਸ ਦਾ ਪ੍ਰੋਟੀਨ ਵਰਗੀ ਅੰਸ਼ ਪਾਚਣ ਕਿਰਿਆ ਦੁਆਰਾ ਅਮੀਨੋ ਐਸਿਡ ਵਿਚ ਬਦਲ ਜਾਂਦਾ ਹੈ, ਜਿਸ ਕਾਰਨ ਉਹ ਅਸਾਨੀ ਨਾਲ ਪਚ ਜਾਂਦਾ ਹੈ। ਮਨੁੱਖ ਦੇ ਸਰੀਰ ਵਿਚ ਛੋਟੀ ਅੰਤੜੀ ਦੀ ਸ਼ਲੈਸ਼ਿਮਕ ਝਿੱਲੀ ਵਿਚ @ਇਮਿਊਨੋਗਲੋਬਿਊਲਿਨ@ ਨਾਮਕ ਪ੍ਰਤੀਰੱਕਸ਼ੀ ਪ੍ਰਤਿਕਾਯ ਪਾਇਆ ਜਾਂਦਾ ਹੈ ਜੋ ਸਰੀਰ ਵਿਚ ਪ੍ਰਵੇਸ਼ ਕਰਨ ਵਾਲੇ ਅਲਰਜੀਕਾਰਕਾਂ ਨੂੰ ਰੋਕਦਾ ਹੈ। ਨਤੀਜੇ ਵਜੋਂ ਅਲਰਜੀਕਾਰਕ ਪ੍ਰਤਿਜਨ ਸਰੀਰ ਵਿਚ ਅਵਸ਼ੋਸ਼ਤ ਹੋ ਕੇ ਖ਼ੂਨ ਵਿਚ ਦਾਖਲ ਨਹੀਂ ਹੁੰਦੇ। ਇਸੇ ਕਾਰਨ ਪਾਚਣ ਮਾਰਗ ਵਿਚ ਕਾਫੀ ਅਲਰਜੀਕਾਰਕ ਪ੍ਰਤਿਜਨ/ਐਂਟੀਜਨ ਦੇ ਹੁੰਦੇ ਹੋਏ ਵੀ ਸਰੀਰ @ਤੇ ਕੋਈ ਬਾਹਰੀ ਲੱਛਣ ਨਹੀਂ ਪੈਦਾ ਹੁੰਦਾ ਹੈ।

**ਕਾਰਨ : ਖਾਧ ਜਨਿਤ ਅਲਰਜੀ ਦੇ ਹੇਠ ਲਿਖੇ ਵੱਖ-ਵੱਖ ਕਾਰਨ ਹਨ-**

ਚਮੜੀ : ਖੁਜਲਾਹਟ, ਸ਼ੀਤ ਪਿੱਤੀ ਅਤੇ ਏਂਜਿਓ ਓਡਿਮਾ ਜਾਂ ਏਂਜਿਓ ਨਿਊਰੋਟਿਕ ਓਡਿਮਾ ਚਮੜੀ ਦੇ ਹੇਠਾਂ ਜਗ੍ਹਾ-ਜਗ੍ਹਾ @ਤੇ ਸੋਜ ਜੋ ਹੱਥਾਂ-ਪੈਰਾਂ, ਧੌਣ, ਚਿਹਰੇ ਅਤੇ ਜਣਨ-ਇੰਦਰੀਆਂ @ਤੇ ਦਿਖਾਈ ਦੇ ਸਕਦੀ ਹੈ।

ਪਾਚਣ ਤੰਤਰ : ਉਲਟੀ, ਪੇਟ ਦਰਦ, ਦਸਤ, ਕਦੇ-ਕਦੇ ਦਸਤ ਦੇ ਨਾਲ ਖ਼ੂਨ ਆਉਣਾ ਆਦਿ।

ਦੁੱਧ ਤੋਂ ਅਲਰਜੀ : ਆਮ ਤੌਰ @ਤੇ ਬੱਚਿਆਂ ਨੂੰ ਦੁੱਧ ਤੋਂ ਅਲਰਜੀ ਹੋ ਜਾਂਦੀ ਹੈ। ਮਾਂ ਦਾ ਦੁੱਧ ਪੀਂਦੇ ਹੋਏ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ ਪਰ ਗਾਂ ਦਾ ਦੁੱਧ ਪਿਲਾਉਣਾ ਸ਼ੁਰੂ ਕਰਨ ਤੋਂ ਬਾਅਦ ਉਨ੍ਹਾਂ ਨੂੰ ਪੇਟ ਦਰਦ, ਪਾਚਣ ਵਿਚ ਗੜਬੜੀ, ਸ਼ਵਸਨ ਤੰਤਰ ਦੀਆਂ ਪ੍ਰੇਸ਼ਾਨੀਆਂ ਅਤੇ ਚਮੜੀ ਦੀਆਂ ਕਈ ਸਮੱਸਿਆਵਾਂ ਘੇਰ ਲੈਂਦੀਆਂ ਹਨ। ਗਾਂ ਦੇ ਦੁੱਧ ਵਿਚ ਪਾਏ ਜਾਣ ਵਾਲੇ ਵਿਟਾਮਿਨ @ਲੈਕਟੋਗਲੋਬਿਊਲਿਨ@ ਨਾਮੀ ਪ੍ਰੋਟੀਨ ਨਾਲ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਦੁੱਧ ਨੂੰ ਉਬਾਲਣ ਤੋਂ ਬਾਅਦ ਵੀ ਇਹ ਪ੍ਰੋਟੀਨ ਨਹੀਂ ਬਦਲਦਾ ਅਤੇ ਅਲਰਜੀ ਜਨਿਤ ਪ੍ਰਤੀਕਿਰਿਆ ਪੈਦਾ ਕਰਦਾ ਹੈ।

ਖਾਧ ਜਨਿਤ ਅਲਰਜੀ ਤੋਂ ਬਚਣ ਦਾ ਪ੍ਰਮੁੱਖ ਅਤੇ ਇਕੋ-ਇਕ ਉਪਾਅ ਹੈ ਕਿ ਉਨ੍ਹਾਂ ਖਾਧ ਪਦਾਰਥਾਂ ਦਾ ਸੇਵਨ ਹੀ ਨਾ ਕੀਤਾ ਜਾਵੇ, ਜਿਨ੍ਹਾਂ ਤੋਂ ਅਲਰਜੀ ਪੈਦਾ ਹੋ ਰਹੀ ਹੋਵੇ। ਉਸ ਖਾਧ ਪਦਾਰਥ ਦੀ ਨਿਸਚਿਤ ਤੌਰ @ਤੇ ਪਛਾਣ ਹੋ ਜਾਣ @ਤੇ ਉਸ ਅਲਰਜੀ ਪੈਦਾ ਕਰਨ ਵਾਲੇ ਖਾਧ ਪਦਾਰਥ ਤੋਂ ਪੂਰੀ ਤਰ੍ਹਾਂ ਪ੍ਰਹੇਜ਼ ਕਰਨਾ ਮੁਸ਼ਕਿਲ ਨਹੀਂ ਹੈ। ਆਨੁਸ਼ੰਗਿਕ ਲੱਛਣਾਂ ਤੋਂ ਛੁਟਕਾਰਾ ਪਾਉਣ ਲਈ ਕੁਝ ਦਵਾਈਆਂ ਦਾ ਸੇਵਨ ਕੀਤਾ ਜਾ ਸਕਦਾ ਹੈ। ਇਮਿਊਨੋਥੈਰੇਪੀ ਨਾਲ ਖਾਧ ਜਨ ਅਲਰਜੀ ਦੀ ਰੋਕਥਾਮ ਸੰਭਵ ਨਹੀਂ ਹੈ।

ਖਾਧ ਜਨਿਤ ਅਲਰਜੀ ਤੋਂ ਇਲਾਵਾ ਦਵਾਈਆਂ ਦੇ ਸੇਵਨ ਨਾਲ ਵੀ ਅਲਰਜੀ ਪੈਦਾ ਹੋ ਜਾਂਦੀ ਹੈ, ਜਿਸ ਨੂੰ ਔਸ਼ਧੀ ਜਨਿਤ ਅਲਰਜੀ ਕਿਹਾ ਜਾਂਦਾ ਹੈ। ਇਹ ਇਕ ਅਤਿਅੰਤ ਜਟਿਲ ਵਿਸ਼ਾ ਹੈ। ਬਿਨਾਂ ਡਾਕਟਰ ਦੀ ਸਲਾਹ ਤੋਂ ਆਪਣਾ ਇਲਾਜ ਖੁਦ ਨਹੀਂ ਕਰਨਾ ਚਾਹੀਦਾ। ਅਜਿਹਾ ਕਰਨਾ ਖ਼ਤਰਨਾਕ ਹੋ ਸਕਦਾ ਹੈ।





ਰੋਜਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111


ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
# ਲੋਕ ਬਾਣੀ
Email : lokbani08@gmail.com ਵੀਰਵਾਰ, 28 ਅਪ੍ਰੈਲ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)


ਇਸ਼ਤਿਹਾਰ ਲਵਾਓ ਵਪਾਰ ਵਧਾਓ ਰੋਜਾਨਾ ਲੋਕ ਬਾਣੀ ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 412 ✲ ਮੁੱਲ : 5.00 ਰੁਪਏ ✲ ਕੁੱਲ ਪੇਜ : 10 ✲ ਫੈਕਸ : 0181-2211009 ✲ M. 99155-94111

## ਅਮਰੀਕਾ ਵਿੱਚ ਕੋਰੋਨਾ ਦਾ ਕਹਿਰ ਲਗਾਤਾਰ ਵਾਧੇ ਵੱਲ

**ਲਾਸ ਏਂਜਲਸ/ਲੋਕ ਬਾਣੀ:-** ਅਮਰੀਕਾ ਵਿਚ ਕੋਰੋਨਾ ਦਾ ਕਹਿਰ ਜਾਰੀ ਹੈ। ਅਮੇਰੀਕਨ ਅਕੈਡਮੀ ਆਫ਼ ਪੀਡੀਆਟ੍ਰਿਕਸ (AAP) ਅਤੇ ਚਿਲਡਰਨ ਹਸਪਤਾਲ ਐਸੋਸੀਏਸ਼ਨਦੀ ਤਾਜ਼ਾ ਰਿਪੋਰਟ ਅਨੁਸਾਰ ਪਿਛਲੇ ਹਫ਼ਤੇ ਅਮਰੀਕਾ @ਚ 37,000 ਤੋਂ ਵੱਧ ਬਾਲ ਕੋਵਿਡ ਮਾਮਲੇ ਸਾਹਮਣੇ ਆਏ, ਜੋ ਕਿ ਦੋ ਹਫ਼ਤੇ ਪਹਿਲਾਂ ਨਾਲੋਂ ਲਗਭਗ 43 ਫ਼ੀਸਦੀ ਵੱਧ ਹਨ। ਦੇਸ਼ ਵਿੱਚ ਮਹਾਮਾਰੀ ਦੀ ਸ਼ੁਰੂਆਤ ਤੋਂ ਬਾਅਦ 12.9 ਮਿਲੀਅਨ ਤੋਂ ਵੱਧ ਬੱਚਿਆਂ ਨੇ ਕੋਵਿਡ ਲਈ ਸਕਾਰਾਤਮਕ ਟੈਸਟ ਕੀਤਾ ਹੈ। ਰਿਪੋਰਟ ਦੇ ਅਨੁਸਾਰ ਇਹਨਾਂ ਵਿੱਚੋਂ ਲਗਭਗ 124,000 ਕੇਸ ਪਿਛਲੇ ਚਾਰ ਹਫ਼ਤਿਆਂ ਵਿੱਚ ਸ਼ਾਮਲ ਕੀਤੇ ਗਏ ਹਨ।ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਸਤੰਬਰ ਦੇ ਪਹਿਲੇ ਹਫ਼ਤੇ ਤੋਂ ਅਮਰੀਕਾ ਵਿੱਚ ਲਗਭਗ 7.9 ਮਿਲੀਅਨ ਵਾਧੂ ਬਾਲ ਕੋਵਿਡ ਮਾਮਲੇ ਸਾਹਮਣੇ ਆਏ।ਰਿਪੋਰਟ ਵਿੱਚ ਦਿਖਾਇਆ ਗਿਆ ਹੈ ਕਿ ਬੱਚੇ ਯੂਐਸ ਵਿੱਚ ਕੋਵਿਡ ਦੇ ਸਾਰੇ ਕੇਸਾਂ ਵਿੱਚੋਂ 19 ਪ੍ਰਤੀਸ਼ਤ ਦੀ ਨੁਮਾਇੰਦਗੀ ਕਰਦੇ ਹਨ। ਏ.ਏ.ਪੀ. ਨੇ ਕਿਹਾ ਕਿ ਨਵੇਂ ਰੂਪਾਂ ਨਾਲ ਸਬੰਧਤ ਬਿਮਾਰੀ ਦੀ ਗੰਭੀਰਤਾ ਦੇ ਨਾਲ-ਨਾਲ ਸੰਭਾਵੀ ਲੰਬੇ ਸਮੇਂ ਦੇ ਪ੍ਰਭਾਵਾਂ ਦਾ ਮੁਲਾਂਕਣ ਕਰਨ ਲਈ ਵਧੇਰੇ ਉਮਰ-ਵਿਸ਼ੇਸ਼ ਡੇਟਾ ਇਕੱਤਰ ਕਰਨ ਦੀ ਤੁਰੰਤ ਲੋੜ ਹੈ।ਬੱਚਿਆਂ ਦੀ ਸਿਹਤ @ਤੇ ਮਹਾਮਾਰੀ ਦੇ ਤੁਰੰਤ ਪ੍ਰਭਾਵ ਨੂੰ ਪਛਾਣਨਾ ਜ਼ਰੂਰੀ ਹੈ।



## ਪੰਜਾਬ ਵਿੱਚ ਕਇਆ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਚਿੱਠੀ ਵਿਚ ਜੈਸ਼-ਏ-ਮੁਹੰਮਦ ਦਾ ਜ਼ਿਕਰ ਹੈ।

ਇਹ ਚਿੱਠੀ ਸੁਲਤਾਨਪੁਰ ਦੇ ਸਟੇਸ਼ਨ ਮਾਸ਼ਟਰ ਨੂੰ ਮਿਲੀ ਹੈ। ਚਿੱਠੀ ਦੇ ਜਰੀਏ ਹਮਲੇ ਦੀ ਧਮਕੀ ਦਿੱਤੀ ਗਈ ਹੈ।

ਚਿੱਠੀ ਸੁਲਤਾਨਪੁਰ ਦੇ ਸਟੇਸ਼ਨ ਮਾਸ਼ਟਰ ਨੂੰ ਮਿਲੀ ਤੇ ਉਸ ਨੇ ਅੱਗੇ ਇਹ ਮਾਮਲਾ ਪੁਲਿਸ ਦੇ ਧਿਆਨ ਵਿਚ ਲਿਆਂਦਾ ਹੈ। ਪੁਲਿਸ ਨੇ ਤੁਰਤ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਚਿੱਠੀ ਵਿਚ ਪੰਜਾਬ ਦੇ ਧਾਰਮਿਕ ਸਥਾਨਾਂ ਦਾ ਵੀ ਜਿਕਰ ਹੈ। ਉਨ੍ਹਾਂ ਨੂੰ ਵੀ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।



## ਵੈਕਸੀਨ ਲਗਵਾਉਣ ਦੇ ਬਾਅਦ ਵੀ ਅਮਰੀਕਾ ਦੀ ਉਪ ਰਾਸ਼ਟਰਪਤੀ ਹੈਰਿਸ ਨੂੰ ਹੋਇਆ ਕੋਰੋਨਾ

ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ (Kamala Harris) ਕੋਰੋਨਾ ਸੰਕਰਮਿਤ ਪਾਈ ਗਈ ਹੈ। ਵ੍ਹਾਈਟ ਹਾਊਸ ਨੇ ਮੰਗਲਵਾਰ ਨੂੰ ਇਕ ਬਿਆਨ ਰਾਹੀਂ ਇਹ ਜਾਣਕਾਰੀ ਦਿੱਤੀ। ਬਿਆਨ ਮੁਤਾਬਕ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ। ਹਾਲਾਂਕਿ, ਹੈਰਿਸ ਵਿੱਚ ਕਥਿਤ ਤੌਰ @ਤੇ ਕੋਰੋਨਾ ਦੇ ਕੋਈ ਲੱਛਣ ਨਹੀਂ ਹਨ ਅਤੇ ਨਾ ਹੀ ਉਹ ਰਾਸ਼ਟਰਪਤੀ ਜੋਅ ਬਿਡੇਨ ਦੇ ਸੰਪਰਕ ਵਿੱਚ ਹਨ।

## ਬੱਸਾਂ ਦੇ ਚੱਕਾ ਜਾਮ ਕਾਰਨ ਮੁਸਾਫ਼ਿਰ ਪਰੇਸ਼ਾਨ ਨਜ਼ਰ ਆਏ

**ਫ਼ਾਜ਼ਿਲਕਾ/ਲੋਕ ਬਾਣੀ**

ਪੰਜਾਬ ਰੋਡਵੇਜ਼, ਪਨਬੱਸ ,ਪੀ.ਆਰ.ਟੀ.ਸੀ. ਕੰਟਰੈਕਟ ਮੁਲਾਜ਼ਮਾਂ ਵੱਲੋਂ ਰੋਡਵੇਜ਼ ਇੰਸਪੈਕਟਰ ਦੇ ਖ਼ਿਲਾਫ਼ ਬੱਸਾਂ ਦਾ ਚੁੱਕਾ ਜਾਮ ਕੀਤਾ ਗਿਆ। ਫ਼ਾਜ਼ਿਲਕਾ ਸਬ ਡਿਪੂ ਵਿਚ ਮੁਲਾਜ਼ਮਾਂ ਵੱਲੋਂ ਧਰਨਾ ਦਿੰਦਿਆਂ ਇੰਸਪੈਕਟਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਕਾਰਵਾਈ ਦੀ ਮੰਗ ਕੀਤੀ ਗਈ। ਹੜਤਾਲ ਦੇ ਚੱਲਦਿਆਂ ਰੋਡਵੇਜ਼ ਦੇ ਕਈ ਰੂਟ ਪ੍ਰਭਾਵਿਤ ਹੋਏ ਅਤੇ ਮੁਸਾਫ਼ਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਬੀਤੇ ਦਿਨ ਰੋਡਵੇਜ਼ ਇੰਸਪੈਕਟਰ ਵੱਲੋਂ ਇੱਕ ਕੰਡਕਟਰ ਦੇ ਖ਼ਿਲਾਫ਼ ਵਿਭਾਗ ਨੂੰ ਰਿਪੋਰਟ ਕੀਤੀ ਗਈ ਸੀ। ਜਿਸ ਦੇ ਰੋਸ ਵਜੋਂ ਫ਼ਾਜ਼ਿਲਕਾ ਸਬ ਡਿਪੂ, ਫ਼ਿਰੋਜ਼ਪੁਰ ਡਿਪੂ ਤੋਂ ਇਲਾਵਾ ਜ਼ੀਰਾ ਸਬ ਡਿਪੂ ਅੰਦਰ ਬੱਸਾਂ ਦਾ ਚੁੱਕਾ ਜਾਮ ਰਿਹਾ। ਜਿਸ ਨਾਲ ਮੁਸਾਫ਼ਰ ਗਰਮੀ ਦੇ ਮੌਸਮ ਵਿਚ ਪ੍ਰੇਸ਼ਾਨ ਹੁੰਦੇ ਦਿਖਾਈ ਦਿੱਤੇ।ਪੀੜਤ ਕੰਡਕਟਰ ਨੇ ਦੱਸਿਆ ਕਿ ਉਹ ਫ਼ਾਜ਼ਿਲਕਾ ਤੋਂ ਮਲੋਟ ਲਈ ਚੱਲਿਆ ਸੀ, ਅਰਨੀਵਾਲਾ ਤੋਂ ਪਹਿਲਾਂ ਮਾਹੂਆਣਾ ਕੋਲ ਇੱਕ ਇੰਸਪੈਕਟਰ ਵੱਲੋਂ ਬੱਸ ਚੈੱਕ ਕੀਤੀ ਗਈ। ਬੱਸ ਬਿਲਕੁਲ ਕਲੀਅਰ ਸੀ, ਪਰ ਕਿਸੇ ਦੇ ਫ਼ੋਨ ਆਉਣ ਤੋਂ ਬਾਅਦ ਇੰਸਪੈਕਟਰ ਨੇ ਉਨ੍ਹਾਂ ਖ਼ਿਲਾਫ਼ ਗ਼ਲਤ ਰਿਪੋਰਟ ਕੀਤੀ। ਉਨ੍ਹਾਂ ਕਿਹਾ ਕਿ ਜਿਸ ਤੋਂ ਬਾਅਦ ਇੰਸਪੈਕਟਰ ਨੇ ਸਵਾਰੀਆਂ ਤੋਂ ਉਨ੍ਹਾਂ ਦੇ ਸਟੇਸ਼ਨ ਸਬੰਧੀ ਪੁੱਛਿਆ ਤਾਂ ਆਧਾਰ ਕਾਰਡ ਵਾਲੀਆਂ ਸਵਾਰੀਆਂ ਨੂੰ, ਜਿਨ੍ਹਾਂ ਮਲੋਟ ਜਾਣਾ ਸੀ, ਉਨ੍ਹਾਂ ਵਿਚੋਂ 13 ਸਵਾਰੀਆਂ ਦੀ 30 ਰੁਪਏ ਦੇ ਹਿਸਾਬ ਨਾਲ ਉਸ ਦੀ ਰਿਪੋਰਟ ਬਣਾ ਦਿੱਤੀ।



## ਕੈਪਟਨ ਬੋਲੇ ਭਗਵੰਤ ਮਾਨ ਪੰਜਾਬ ਦੀ ਕਾਨੂੰਨ ਵਿਵਸਥਾ ਵੱਲ ਜਿਆਦਾ ਧਿਆਨ ਦੇਵੇ

**ਪਟਿਆਲਾ/ਇਕਬਾਲ ਸਿੰਘ:-** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਵਧ ਰਹੀਆਂ ਅਪਰਾਧਿਕ ਵਾਰਦਾਤਾਂ ਉਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਅੱਜ ਅੰਮ੍ਰਿਤਸਰ ਵਿਚ 12ਵੀਂ ਜਮਾਤ ਦੇ ਵਿਦਿਆਰਥੀ ਦੀ ਹੱਤਿਆ ਨੂੰ ਲੈ ਕੇ ਟਵੀਟ ਕੀਤਾ ਹੈ। ਉਨ੍ਹਾਂ ਆਖਿਆ ਹੈ ਕਿ ਭਗਵੰਤ ਮਾਨ ਨੂੰ ਪੰਜਾਬ ਦੀ ਕਾਨੂੰਨ ਵਿਵਸਥਾ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਟਵੀਟ ਕੀਤਾ ਹੈ-@ਇੱਕ ਹੋਰ ਦਿਨ, ਇੱਕ ਹੋਰ ਕਤਲ !, ਅੰਮ੍ਰਿਤਸਰ @ਚ 12ਵੀਂ ਜਮਾਤ ਦੇ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ।



## ਮਸ਼ਹੂਰ ਗੈਂਗਸਟਰ ਜੈਪਾਲ ਦੇ ਦੋ ਸਾਥੀ ਕਾਬੂ

**ਮੋਹਾਲੀ/ਰਕੇਸ਼ ਮਸੀਹ:-** ਭਗੌੜੇ ਗੈਂਗਸਟਰਾਂ ਵਿਰੁੱਧ ਜਾਰੀ ਮੁਹਿੰਮ ਦੌਰਾਨ ਪੰਜਾਬ ਪੁਲਸ ਦੀ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਮਾਰੇ ਗਏ ਗੈਂਗਸਟਰ ਤੋਂ ਨਸ਼ਾ ਤਸਕਰ ਬਣੇ ਜੈਪਾਲ ਸਿੰਘ ਭੁੱਲਰ ਅਤੇ ਜਸਪ੍ਰੀਤ ਸਿੰਘ ਉਰਫ਼ ਜੱਸੀ ਦੇ 2 ਸਾਥੀਆਂ ਨੂੰ ਤਰਨਤਾਰਨ ਤੋਂ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਨਤਾਰਨ ਦੇ ਪਿੰਡ ਖੱਖ ਦੇ ਅੰਮ੍ਰਿਤਪਾਲ ਅਤੇ ਤਰਨਤਾਰਨ ਦੇ ਪਿੰਡ ਸਰਲੀ ਖੁਰਦ ਦੇ ਤਜਿੰਦਰ ਸਿੰਘ ਵਜੋਂ ਹੋਈ ਹੈ। ਦੋਸ਼ੀ ਅੰਮ੍ਰਿਤਪਾਲ ਸਿੰਘ @ਤੇ ਪਹਿਲਾਂ ਵੀ ਇਰਾਦਾ ਕਤਲ ਦਾ ਮੁਕੱਦਮਾ ਚੱਲ ਰਿਹਾ ਹੈ। ਪੁਲਸ ਨੇ ਇਨ੍ਹਾਂ ਪਾਸੋਂ ਇਕ 12 ਬੋਰ ਦੀ ਪੰਪ ਐਕਸ਼ਨ ਗੰਨ, 5 ਜ਼ਿੰਦਾ ਕਾਰਤੂਸ ਅਤੇ ਇਕ ਹੁੰਡਾਈ ਐਕਸੈਂਟ ਕਾਰ ਜਿਸ ਦਾ ਰਜਿਸਟ੍ਰੇਸ਼ਨ ਨੰ. ਸੀ ਐੱਚ 03 ਵੀ 4397 ਹੈ, ਬਰਾਮਦ ਕੀਤੀ ਹੈ।



## ਪੰਜਾਬ 'ਚ ਬਿਜਲੀ ਸੰਕਟ ਦੀ ਸੰਭਾਵਨਾ ਲੋਕਾਂ ਲਈ ਚਿੰਤਾਜਨਕ

**ਚੰਡੀਗੜ੍ਹ/ਵਿਨੋਦ ਸ਼ਰਮਾ:-** ਅੱਤ ਦੀ ਗਰਮੀ ਕਾਰਣ ਪੰਜਾਬ 'ਚ ਜਿੱਥੇ ਬਿਜਲੀ ਸੰਕਟ ਹੋਰ ਡੂੰਘਾ ਹੋ ਰਿਹਾ ਹੈ, ਉੱਥੇ ਹੀ ਤਾਪ ਘਰਾਂ ਦੇ ਦੋ ਯੂਨਿਟ ਤਕਨੀਕੀ ਖਰਾਬੀ ਕਰਕੇ ਬੰਦ ਹੋ ਗਏ ਹਨ। ਇਨ੍ਹਾਂ ਯੂਨਿਟਾਂ ਦੇ ਬੰਦ ਹੋਣ ਨਾਲ ਬਿਜਲੀ ਸਪਲਾਈ 'ਚ ਤਿੰਨ ਦਿਨਾਂ ਲਈ ਕਰੀਬ 200 ਲੱਖ ਯੂਨਿਟ ਦੀ ਕਟੌਤੀ ਹੋ ਗਈ ਹੈ। ਤਲਵੰਡੀ ਸਾਬੋ ਤਾਪ ਘਰ ਅਤੇ ਰੋਪੜ ਥਰਮਲ ਦਾ ਇਕ-ਇਕ ਯੂਨਿਟ ਬੰਦ ਹੋ ਗਿਆ ਹੈ। ਇਨ੍ਹਾਂ ਦੇ ਠੀਕ ਹੋਣ 'ਚ ਕਰੀਬ ਤਿੰਨ ਦਿਨ ਦਾ ਸਮਾਂ ਲੱਗਣ ਦਾ ਅਨੁਮਾਨ ਹੈ। ਪਾਵਰਕਾਮ ਵੱਲੋਂ ਦੋ ਯੂਨਿਟ ਬੰਦ ਹੋਣ ਕਰਕੇ ਬਦਲਵੇਂ ਪ੍ਰਬੰਧ ਕਰਨੇ ਪੈ ਰਹੇ ਹਨ। ਹੁਣ ਗਰਮੀ ਕਰਕੇ ਬਿਜਲੀ ਦੀ ਵੱਧ ਤੋਂ ਵੱਧ ਮੰਗ ਪਿਛਲੇ ਵਰ੍ਹੇ ਨਾਲੋਂ 68 ਫ਼ੀਸਦੀ ਵੱਧ ਗਈ ਹੈ ਤਾਂ ਪਾਵਰਕਾਮ ਕੋਲ ਪਾਵਰ ਕੱਟ ਲਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਿਆ ਹੈ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪਟਿਆਲਾ 'ਚ ਫਿਰ ਚੱਲੀਆਂ ਗੋਲੀਆਂ, 2 ਲੋਕ ਜ਼ਖਮੀ



**ਪਟਿਆਲਾ/ਲੋਕ ਬਾਣੀ**

ਪਟਿਆਲਾ ਵਿੱਚ ਲੰਘੀ ਦੇਰ ਰਾਤ ਕੁੱਝ ਅਣਪਛਾਤਿਆਂ ਨੇ ਸਮਾਣਾ ਟਰੱਕ ਯੂਨੀਅਨ ਦੇ ਪ੍ਰਧਾਨ ਅਤੇ ਉਹਦੇ ਸਾਥੀ 'ਤੇ ਗੋਲੀਆਂ ਚਲਾ ਦਿੱਤੀਆਂ।

ਦੱਸਿਆ ਜਾ ਰਿਹਾ ਕਿ ਇਸ ਗੋਲੀਬਾਰੀ ਵਿੱਚ ਟਰੱਕ ਯੂਨੀਅਨ ਦੇ ਪ੍ਰਧਾਨ ਸਣੇ ਉਹਦਾ ਸਾਥੀ ਜ਼ਮਖੀ ਹੋ ਗਏ। ਪੁਲਿਸ ਨੇ ਜ਼ਖਮੀਆਂ ਨੂੰ ਸਰਕਾਰੀ ਹਸਪਤਾਲ ਦਾਖ਼ਲ ਕਰਵਾਇਆ ਹੈ। ਖ਼ਬਰਾਂ ਦੀ ਮੰਨੀਏ ਤਾਂ, ਅਰਬਨ ਅਸਟੇਟ ਦੀ ਮਾਰਕੀਟ ਵਿੱਚ ਲੰਘੀ ਰਾਤ ਗੋਲੀਆਂ ਚੱਲੀਆਂ। ਅਣਪਛਾਤੇ ਹਮਲਾਵਰਾਂ ਨੇ ਅੰਨ੍ਹੇਵਾਹ ਫਾਈਰਿੰਗ ਕਰਕੇ ਟਰੱਕ ਯੂਨੀਅਨ ਦੇ ਪ੍ਰਧਾਨ ਅਤੇ ਉਹਦੇ ਸਾਥੀ ਨੂੰ ਜ਼ਮਖੀ ਕਰ ਦਿੱਤਾ। ਜ਼ਖਮੀਆਂ ਦੀ ਪਛਾਣ ਜਸਦੀਪ ਸਿੰਘ ਜੌ ?ਲੀ ਅਤੇ ਮਨਦੀਪ ਸਿੰਘ ਦੇ ਵਜੋਂ ਹੋਈ ਹੈ। ਫਿਲਹਾਲ ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਬਾਸਕਟਬਾਲ ਖਿਡਾਰਨ ਨੇ ਕੀਤੀ ਖੁਦਕੁਸ਼ੀ



**ਬਿਹਾਰ/ਲੋਕ ਬਾਣੀ**

ਬਾਸਕਟਬਾਲ ਖਿਡਾਰਨ ਅਤੇ ਰੇਲਵੇ ਮੁਲਾਜ਼ਮ ਦੇ ਲਿਥਾਰਾ ਕੇਸੀ ਦੇ ਵੱਲੋਂ ਖੁਦਕੁਸ਼ੀ ਕਰਕੇ ਜੀਵਨ ਲੀਲਾ ਸਮਾਪਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਦੱਸਿਆ ਜਾ ਰਿਹਾ ਹੈ ਕਿ, ਲੰਘੀ ਸ਼ਾਮ ਕੇਸੀ ਆਪਣੇ ਕਮਰੇ ਦੀ ਛੱਤ ਦੇ ਪੱਖੇ ਨਾਲ ਲਟਕੀ ਹੋਈ ਮਿਲੀ। ਦੱਸ ਦਈਏ ਕਿ, ਲਿਥਾਰਾ ਕੇਸੀ ਪੂਰਬੀ ਮੱਧ ਰੇਲਵੇ ਦੇ ਦਾਨਾਪੁਰ ਡਿਵੀਜ਼ਨ ਵਿੱਚ ਲੇਖਾ ਵਿਭਾਗ ਵਿੱਚ ਨੌਕਰੀ ਕਰਦੀ ਸੀ।

ਪੁਲਿਸ ਮੁਤਾਬਿਕ, ਕੇਸੀ ਦੇ ਵੱਲੋਂ ਖੁਦਕੁਸ਼ੀ ਕਿਉਂ ਕੀਤੀ ਗਈ, ਇਸ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸਿਸ਼ ਕੀਤੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਲਿਥਾਰਾ ਕੇਸੀ ਕੇਰਲ ਦੀ ਰਹਿਣ ਵਾਲੀ ਹੈ ਅਤੇ ਉਹ ਬਿਹਾਰ ਦੀ ਰਾਜਧਾਨੀ ਪਟਨਾ 'ਚ ਵਿੱਚ ਨੌਕਰੀ ਕਰਦੀ ਸੀ।

# ਆਪ ਵਿਧਾਇਕ ਤੇ ਐਸ ਐਚ ਓ ਵਿਚਾਲੇ ਜੰਗ ਤੇਜ਼ ਹੋਈ

**ਪਾਇਲ/ਲੋਕ ਬਾਣੀ**

ਵਿਧਾਨ ਸਭਾ ਹਲਕਾ ਪਾਇਲ 'ਚ 'ਆਪ' ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਐੱਸਐੱਚਓ ਪਾਇਲ ਸਤਵਿੰਦਰ ਸਿੰਘ 'ਚ ਪੇਚਾ ਫਸ ਗਿਆ ਹੈ ਕਿਉਂਕਿ ਐੱਸਐੱਚਓ ਪਾਇਲ ਸਤਵਿੰਦਰ ਸਿੰਘ ਵੱਲੋਂ ਵਿਧਾਇਕ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਦੇ ਖ਼ਿਲਾਫ਼ ਡੀਡੀਆਰ ਲਿਖੀ ਗਈ ਹੈ, ਜਿਸ 'ਚ ਐੱਸਐੱਚਓ ਵੱਲੋਂ ਵਿਧਾਇਕ 'ਤੇ ਗ਼ਲਤ ਵਿਵਹਾਰ ਕਰਨ ਦੇ ਦੋਸ਼ ਲਗਾਏ ਹਨ।


ਮਾਮਲਾ ਪੁਲਿਸ ਦੇ ਵੱਡੇ ਅਧਿਕਾਰੀਆਂ ਦੇ ਧਿਆਨ 'ਚ ਵੀ ਆ ਗਿਆ ਹੈ। ਮਾਮਲਾ ਹਾਈ ਪ੍ਰੋਫਾਈਲ ਹੋਣ ਕਾਰਨ ਪੁਲਿਸ ਅਧਿਕਾਰੀ ਵੀ ਬੋਚ ਬੋਚ ਕੇ ਕਦਮ ਪੁੱਟ ਰਹੇ ਹਨ। ਇਹ ਮਾਮਲਾ ਆਉਣ ਵਾਲੇ ਦਿਨਾਂ 'ਚ ਹਲਕਾ ਪਾਇਲ ਦੀ ਸਿਆਸਤ ਵੀ ਗਰਮਾ ਸਕਦਾ ਹੈ। ਵਿਰੋਧੀਆਂ ਨੂੰ ਆਮ ਆਦਮੀ ਪਾਰਟੀ ਨੂੰ ਘੇਰਨ ਲਈ ਮੁੱਦਾ ਮਿਲ ਸਕਦਾ ਹੈ। ਉਥੇ ਹੀ ਡੀਡੀਆਰ ਦੀ ਕਾਪੀ ਮੀਡੀਆ ਸਾਹਮਣੇ ਆਉਣ ਮਗਰੋਂ ਥਾਣਾ ਮੁਖੀ ਦਾ ਤਬਾਦਲਾ ਵੀ ਕਰ ਦਿੱਤਾ ਗਿਆ।

ਐੱਸਐੱਚਓ ਸਤਵਿੰਦਰ ਸਿੰਘ ਵੱਲੋਂ ਦਰਜ ਡੀਡੀਆਰ ਨੰਬਰ 35 'ਚ ਲਿਖਿਆ ਹੈ ਕਿ ਉਹ ਆਪਣੀ ਸਕਾਰਪੀਓ ਗੱਡੀ 'ਚ ਇਲਾਕੇ ਦੀ ਜਾਂਚ ਕਰ ਰਹੇ ਸਨ। ਡਿਊਟੀ ਦੌਰਾਨ ਉਸ ਨੂੰ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦਾ ਫੋਨ ਆਇਆ। ਵਿਧਾਇਕ ਗਿਆਸਪੁਰਾ ਨੇ ਉਨ੍ਹਾਂ ਨੂੰ ਦੱਸਿਆ ਕਿ ਬੁੱਧ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਘਲੋਟੀ ਨਾਲ ਕਿਸੇ ਗੱਲ ਨੂੰ ਲੈ ਕੇ ਲੜਾਈ ਹੋਈ ਸੀ, ਜਿਸ ਨੇ ਸਿਵਲ ਹਸਪਤਾਲ ਤੋਂ ਐੱਮਐੱਲਆਰ ਕੱਟੀ ਗਈ ਹੈ, ਉਨ੍ਹਾਂ ਨੇ ਤੁਹਾਨੂੰ ਨੋਟ ਕਰਵਾ ਦਿੱਤਾ ਸੀ ਕਿ ਦੂਜੇ ਪਾਸੇ ਰੇਡ ਕੀਤੀ ਜਾਵੇ, ਜਿਸ ਦਾ ਰਾਜ਼ੀਨਾਮਾ ਉਨ੍ਹਾਂ ਨੇ ਆਪਣੇ ਦਫ਼ਤਰ ਵਿਚ ਕਰਵਾਉਣਾ ਹੈ।

ਐੱਸ ਐੱਚ ਓ ਨੇ ਡੀਡੀਆਰ 'ਚ ਲਿਖਿਆ ਕਿ ਇਸ 'ਤੇ ਉਨ੍ਹਾਂ ਵਿਧਾਇਕ ਨੂੰ ਦੱਸਿਆ ਕਿ ਮਾਮਲੇ ਦੀ ਜਾਂਚ ਸਹਾਇਕ ਐੱਸਐੱਚਓ ਗੁਰਮੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ, ਜੋ ਅੱਜ ਐੱਸਪੀ (ਡੀ) ਕੋਲ ਖੰਨਾ ਗਏ ਹਨ। ਜਿਸ 'ਤੇ ਵਿਧਾਇਕ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਜਾਣ ਬੁੱਝ ਕੇ ਪੁਲਿਸ ਵਾਲਿਆਂ ਨੂੰ ਖਰਾਬ ਕਰ ਰਹੇ ਹੋ,ਇਸ ਬਾਰੇ ਤੁਹਾਡੇ ਵਿਰੁੱਧ ਸ਼ਿਕਾਇਤ ਕਰਾਂਗਾ। ਤੁਸੀਂ ਪੁਲਿਸ ਵਾਲੇ ਬਕਵਾਸ ਮਾਰਦੇ ਰਹਿੰਦੇ ਹੋ। ਹੁਣ ਉਹ ਤੁਹਾਨੂੰ ਦੱਸਾਂਗਾ ਕਿ ਕਿਵੇਂ ਕੰਮ ਕਰਦੇ ਹਨ। ਐੱਸਐੱਚਓ ਪਾਇਲ ਨੇ ਲਿਖਿਆ ਕਿ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਉਸ ਨਾਲ ਗ਼ਲਤ ਵਿਵਹਾਰ ਕੀਤਾ। ਜਿਸ ਸਬੰਧੀ ਐੱਸਐੱਸਪੀ ਖੰਨਾ ਤੇ ਡੀਐੱਸਪੀ ਪਾਇਲ ਨੂੰ ਮੋਬਾਈਲ 'ਤੇ ਸੂਚਿਤ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਫੋਨ ਰਾਹੀਂ ਗੱਲਬਾਤ ਲਈ ਜਦੋਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਫੋਨ ਕੀਤਾ ਗਿਆ ਤਾਂ ਫੋਨ ਉਹਨਾਂ ਦੇ ਪੀਏ ਨੇ ਚੁੱਕਦੇ ਹੋਏ ਬਾਅਦ ਚ ਗੱਲ ਕਰਾਉਣ ਲਈ ਕਿਹਾ।

# ਭਗਵੰਤ ਮਾਨ ਸਰਕਾਰ ਦੇ ਵਾਅਦੇ ਹੋਏ ਠੁੱਸ; ਬਿਜਲੀ ਕੱਟਾਂ ਤੋਂ ਦੁਖੀ ਕਿਸਾਨ ਸੜਕਾਂ 'ਤੇ ਉੱਤਰੇ



**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਦੇ ਅੰਦਰ 24 ਘੰਟੇ ਬਿਜਲੀ ਦੇਣ ਦਾ ਦਾਅਵਾ ਕਰਨ ਵਾਲੀ ਮਾਨ ਸਰਕਾਰ ਇਕ ਮਹੀਨੇ ਦੇ ਅੰਦਰ ਹੀ ਵਿਵਾਦਾਂ ਵਿੱਚ ਘਿਰਦੀ ਨਜਰੀ ਆ ਰਹੀ ਹੈ। ਦਰਅਸਲ, 24 ਘੰਟੇ ਘਰਾਂ ਨੂੰ ਤਾਂ ਬਿਜਲੀ ਮਿਲ ਨਹੀਂ ਰਹੀ ਅਤੇ ਨਾ ਹੀ ਕਿਸਾਨਾਂ ਨੂੰ ਫ਼ਸਲਾਂ ਦੀ ਸਿੰਚਾਈ ਕਰਨ ਲਈ ਬਿਜਲੀ ਦਿੱਤੀ ਜਾ ਰਹੀ ਹੈ।

ਇਸੇ ਤੋਂ ਦੁਖੀ ਕਿਸਾਨ ਹੁਣ ਸੜਕਾਂ ਤੇ ਉੱਤਰ ਆਏ ਹਨ। ਫਿਰੋਜ਼ਪੁਰ ਦੇ ਕਿਸਾਨਾਂ ਨੇ ਬਿਜਲੀ ਕੱਟਾਂ ਤੋਂ ਦੁਖੀ ਹੋ ਕੇ ਫਿਰਜ਼ਪੁਰ-ਜ਼ੀਰਾ ਹਾਈਵੇ ਜਾਮ ਕੀਤਾ। ਜਾਮ ਲਗਾ ਕੇ ਕਿਸਾਨਾਂ ਨੇ ਸਰਕਾਰ ਅਤੇ ਬਿਜਲੀ ਵਿਭਾਗ ਖਿਲਾਫ਼ ਜੰਮ ਕੇ ਨਾਅਰੇਬਾਜੀ ਕਰਦਿਆਂ ਮੰਗ ਕੀਤੀ ਕਿ, ਫਸਲਾਂ ਦੀ ਸਿੰਚਾਈ ਲਈ ਬਿਜਲੀ ਦਿੱਤੀ ਜਾਵੇ।

ਕਿਸਾਨਾਂ ਨੇ ਮੰਗ ਇਹ ਵੀ ਕੀਤੀ ਕਿ, ਉਨ੍ਹਾਂ ਨੂੰ ਖੇਤਾਂ ਵਾਲੀ ਬਿਜਲੀ ਸਪਲਾਈ ਪੂਰੀ ਦਿੱਤੀ ਜਾਵੇ। ਪਿਛਲੇ ਕਈ ਦਿਨਾਂ ਤੋਂ ਲਗਾਤਾਰ ਲੱਗ ਰਹੇ ਪਾਵਰ ਕਟਾਂ ਕਾਰਨ ਸਬਜ਼ੀਆਂ, ਮੱਕੀ, ਮਿਰਚਾਂ ਅਤੇ ਚਾਰੇ ਦੀਆਂ ਫ਼ਸਲਾਂ ਨੂੰ ਪਾਣੀ ਨਾ ਮਿਲਣ ਕਾਰਨ ਸੜ ਰਹੀਆਂ ਹਨ ਜਿਸ ਮੁੱਖ ਰੱਖ ਕੇ ਸੜਕ ਤੇ ਜਾਮ ਲਗਾਇਆ ਗਿਆ ਹੈ।

# ਪੰਚ ਦੇ ਕਤਲ 'ਚ ਸ਼ਾਮਲ ਹਿਜ਼ਬੁਲ ਦੇ 3 ਅੱਤਵਾਦੀਆਂ ਸਮੇਤ 5 ਗ੍ਰਿਫ਼ਤਾਰ

**ਸ਼੍ਰੀਨਗਰ/ਜੰਮੂ/ਲੋਕ ਬਾਣੀ**- ਕਸ਼ਮੀਰ ਵਿਚ ਮਾਸੂਮ ਨਾਗਰਿਕਾਂ ਦਾ ਕਤਲ ਅਤੇ ਸੁਰੱਖਿਆ ਫ਼ੋਰਸਾਂ 'ਤੇ ਹਮਲੇ ਦੀ ਤਾਕ ਵਿਚ ਅੱਤਵਾਦੀਆਂ ਦੇ ਮਨਸੂਬਿਆਂ ਨੂੰ ਜੰਮੂ-ਕਸ਼ਮੀਰ ਪੁਲਸ ਅਤੇ ਸੁਰੱਖਿਆ ਫੋਰਸਾਂ ਨੇ ਅਸਫ਼ਲ ਬਣਾ ਦਿੱਤਾ। ਜੰਮੂ-ਕਸ਼ਮੀਰ ਪੁਲਸ ਅਤੇ ਸੁਰੱਖਿਆ ਫੋਰਸਾਂ ਦੇ ਜਵਾਨਾਂ ਨੇ 2 ਘਟਨਾਵਾਂ ਵਿਚ 2 ਅੱਤਵਾਦੀਆਂ ਅਤੇ 3 ਸਹਿਯੋਗੀਆਂ ਨੂੰ ਗ੍ਰਿਫ਼ਤਾਰ ਕਰ ਕੇ ਅੱਤਵਾਦੀ ਸਾਜ਼ਿਸ਼ ਨਾਕਾਮ ਕੀਤੀ ਹੈ। ਪੁਲਸ ਨੇ ਮੰਗਲਵਾਰ ਨੂੰ ਦੱਖਣੀ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਦੇ ਕੁਲਾਪੋਰਾ ਇਲਾਕੇ ਵਿਚ ਪੰਚ ਦੇ ਕਤਲ ਵਿਚ ਸ਼ਾਮਲ ਅੱਤਵਾਦੀਆਂ ਦੇ 3 ਸਹਿਯੋਗੀਆਂ ਨੂੰ ਗ੍ਰਿਫ਼ਤਾਰ ਕਰ ਕੇ ਹਿਜ਼ਬੁਲ ਅੱਤਵਾਦੀ ਮਾਡਿਊਲ ਦਾ ਭਾਂਡਾ ਭੰਨਿਆ ਹੈ। ਪੁਲਸ ਬੁਲਾਰੇ ਨੇ ਕਿਹਾ ਕਿ 2 ਮਾਰਚ ਨੂੰ ਅੱਤਵਾਦੀਆਂ ਨੇ ਕੁਲਾਪੋਰਾ ਕੁਲਗਾਮ ਦੇ ਮੁਹੰਮਦ ਯਾਕੂਬ ਡਾਰ ਨਾਂ ਦੇ ਇਕ ਪੰਚ ਦੀ ਗੋਲੀ ਮਾਰ ਕੇ ਕਤਲ ਕਰ ਦਿੱਤਾ।

# ਕੱਚੇ ਅਧਿਆਪਕਾਂ ਦਾ ਭਗਵੰਤ ਮਾਨ ਸਰਕਾਰ ਖਿਲਾਫ਼ ਵੱਡਾ ਐਲਾਨ, 30 ਅਪ੍ਰੈਲ ਨੂੰ ਕਰਨਗੇ ਸੂਬਾਈ ਰੈਲੀ



**ਚੰਡੀਗੜ੍ਹ/ਲੋਕ ਬਾਣੀ**

ਕੱਚੇ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਸਾਂਝੇ ਰੂਪ ਵਿੱਚ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਆਗੂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਮੌਜੂਦਾ ਕੈਬਨਿਟ ਮੰਤਰੀ ਤੇ ਵਿਧਾਇਕਾਂ ਵੱਲੋਂ 27 ਨਵੰਬਰ 2021 ਨੂੰ ਸਿੱਖਿਆ ਭਵਨ ਮੁਹਾਲੀ ਸਾਹਮਣੇ ਧਰਨੇ ਦੌਰਾਨ ਕੀਤਾ ਵਾਅਦਾ ਯਾਦ ਕਰਵਾਉਣ ਲਈ ਮਹਾਂਰੈਲੀ "ਵਾਅਦਾ ਪੂਰਾ ਕਰੇ ਸਰਕਾਰ" 30 ਅਪ੍ਰੈਲ ਨੂੰ ਕੀਤੀ ਜਾ ਰਹੀ ਹੈ।

ਪੰਜਾਬ ਦੇ 13 ਹਜਾਰ ਕੱਚੇ ਅਧਿਆਪਕ ਆਰਥਿਕ ਸ਼ੋਸ਼ਣ ਤੋਂ ਅੱਕੇ ਆਪਣੀ ਅਵਾਜ਼ ਸਰਕਾਰ ਤੱਕ ਪਹੁੰਚਾਉਣ ਲਈ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਆਰਥਿਕ ਗੁਲਾਮੀ ਦੀਆਂ ਬੇਡ ?ੀਆਂ ਆਪਣੀ ਏਕਤਾ ਤੇ ਇਕੱਠ ਨਾਲ ਤੋੜ ?ਨਗੇ। ਜਾਣਕਾਰੀ ਦਿੰਦੇ ਹੋਏ ਯੂਨੀਅਨ ਦੇ ਸਟੇਟ ਕਨਵੀਨਰ ਅਜਮੇਰ ਔਲਖ, ਦਵਿੰਦਰ ਸੰਧੂ, ਜਸਵੰਤ ਪੰਨੂੰ ਨੇ ਦੱਸਿਆ ਕਿ ਰੈਲੀ ਸੰਬੰਧੀ ਤਿਆਰੀ ਜ਼ੋਰਾਂ ਨਾਲ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ 30 ਅਪ੍ਰੈਲ ਦੀ ਰੈਲੀ ਦਾ ਹੀ ਡਰ ਸੀ ਕਿ ਆਮ ਆਦਮੀ ਸਰਕਾਰ ਨੇ 144 ਧਾਰਾ ਲਾ ਦਿੱਤੀ ਹੈ ਕਿ ਅਧਿਆਪਕ ਡਰ ਜਾਣਗੇ।

ਅਧਿਆਪਕ ਆਪਣੇ ਹੱਕਾਂ ਲਈ ਜਾਨ ਦੀ ਬਾਜੀ ਲਾ ਕੇ ਅਵਾਜ਼ ਬੁਲੰਦ ਕਰਨਗੇ, ਕਿਸੇ ਧਾਰਾ ਤੋਂ ਨਹੀਂ ਡਰਨਗੇ। ਉਨ੍ਹਾਂ ਕਿਹਾ ਧਰਨੇ ਲਗਾਉਣਾ ਸਾਡਾ ਸ਼ੌਂਕ ਨਹੀਂ ਸਗੋਂ ਅੱਕ ਕੇ ਰੈਲੀਆ ਕਰਨੀਆ ਪੈਂਦੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਬਿਨਾ ਰੈਲੀ ਧਰਨਿਆਂ ਤੋਂ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਦੇਵੇ ਤਾਂ ਫਿਰ ਅਧਿਆਪਕਾਂ ਨੂੰ ਅਜਿਹੇ ਕਦਮ ਨਾ ਚੁੱਕਣੇ ਪੈਣ।

ਯੂਨੀਅਨ ਆਗੂਆਂ ਨੇ ਕਿਹਾ ਕਿ ਕੱਚੇ ਅਧਿਆਪਕ ਹੁਣ ਹੋਰ ਸ਼ੋਸ਼ਣ ਬਰਦਾਸ਼ਤ ਨਹੀਂ ਕਰਨਗੇ ਅਤੇ ਸਾਰੇ ਅਧਿਆਪਕ ਸਾਥੀ ਸਕੂਲਾਂ ਵਿੱਚ ਮਿਹਨਤ ਕਰਨ ਦੇ ਨਾਲ ਨਾਲ ਆਪਣੇ ਹਿੱਤਾਂ ਲਈ ਵੀ ਮੁਹਾਲੀ ਵਿਖੇ ਜ਼ੋਰਦਾਰ ਢੰਗ ਨਾਲ ਅਵਾਜ਼ ਬੁਲੰਦ ਕਰਨਗੇ। ਇਸ ਸਮੇਂ ਸਟੇਟ ਆਗੂ ਜੁਝਾਰ ਸਿੰਘ, ਗੁਰਚਰਨ ਸਿੰਘ, ਨਵਦੀਪ ਸਿੰਘ ਬਰਾਡ ?, ਵੀਰਪਾਲ ਸਿੰਘ, ਕੁਲਦੀਪ ਸਿੰਘ ਬੱਡੂਵਾਲ, ਬੇਅੰਤ ਸਿੰਘ, ਕੁਲਵਿੰਦਰ ਸਿੰਘ, ਸਤਿੰਦਰ ਕੰਗ, ਮਹੇਸ਼ਇੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਨਸ਼ਾ ਤਸਕਰਾਂ ਬਾਰੇ ਸੂਚਨਾ ਦਿਓ, ਬਰਾਮਦਗੀ ’ਤੇ 51000 ਰੁਪਏ ਦਾ ਨਕਦ ਇਨਾਮ ਪਾਓ : ਡੀ ਸੀ ਰੰਧਾਵਾ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਪੂਰੀ ਤਰ੍ਹਾਂ ਨਾਲ ਠੱਲ੍ਹ ਪਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਲਈ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਬੁੱਧਵਾਰ ਨੂੰ ਨਸ਼ਿਆਂ ਦੀ ਵੱਡੀ ਖ਼ੇਪ ਬਾਰੇ ਸੂਚਨਾ ਦੇਣ ਵਾਲੇ ਨੂੰ 51000 ਰੁਪਏ ਦੇ ਨਗਦ ਇਨਾਮ ਦਾ ਐਲਾਨ ਕੀਤਾ, ਇਹ ਇਨਾਮ ਨਸ਼ਿਆਂ ਦੀ ਦੱਸੀ ਗਈ ਖ਼ੇਪ ਦੀ ਬਰਾਮਦਗੀ ਉਪਰੰਤ ਹੀ ਮਿਲੇਗਾ।ਅੱਜ ਆਪਣੇ ਦਫ਼ਤਰ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਦੌਰਾਨ ਪੁਲਿਸ, ਸਿਹਤ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ ਅਤੇ ਪੁਲਿਸ ਹਰੇਕ ਸੂਚਨਾ ’ਤੇ ਕਾਰਵਾਈ ਕਰੇਗੀ।ਉਨ੍ਹਾਂ ਅੱਗੇ ਕਿਹਾ ਕਿ ਅਗਲੇ ਕੁਝ ਦਿਨਾਂ ਵਿੱਚ ਉਨ੍ਹਾਂ ਦੇ ਦਫ਼ਤਰ ਵੱਲੋਂ ਇੱਕ ਹੈਲਪਲਾਈਨ ਨੰਬਰ ਆਮ ਲੋਕਾਂ ਲਈ ਨਸ਼ਰ ਕੀਤਾ ਜਾਵੇਗਾ ਤਾਂ ਜੋ ਉਹ ਨਸ਼ਿਆਂ ਦੀ ਤਸਕਰੀ ਵਿੱਚ ਸ਼ਾਮਲ ਜਾਂ ਸਬੰਧਤ ਵਿਅਕਤੀਆਂ ਬਾਰੇ ਜਾਣਕਾਰੀ ਸਾਂਝੀ ਕਰ ਸਕਣ ਅਤੇ ਉਨ੍ਹਾਂ ਕੋਲੋਂ ਨਸ਼ੀਲੇ ਪਦਾਰਥ ਜ਼ਬਤ ਕੀਤੇ ਜਾ ਸਕਣ।ਉਨ੍ਹਾਂ ਨੇ ਸਿਹਤ ਅਧਿਕਾਰੀਆਂ ਤੋਂ ਤੰਬਾਕੂ ਉਤਪਾਦ ‘ਕੂਲ-ਲਿਪ’ ਬਾਰੇ ਵੀ ਰਿਪੋਰਟ ਮੰਗੀ ਅਤੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਰਿਪੋਰਟ ਭੇਜਣ ਲਈ ਕਿਹਾ। ਐਨ.ਪੀ.ਐਸ.ਰੰਧਾਵਾ ਨੇ ਕਿਹਾ ਕਿ ਇਨਾਮ ਦੇ ਇਸ ਨਿਰਣੇ ਦਾ ਮੁੱਖ ਉਦੇਸ਼ ਨਸ਼ਿਆਂ ਦੀ ਅਲਾਮਤ ਦਾ ਮੁਕੰਮਲ ਸਫ਼ਾਇਆ ਕਰਨਾ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰਨਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਨੂੰ ਇਸ ਬੁਰਾਈ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗਾ।ਉਨ੍ਹਾਂ ਕਿਹਾ ਕਿ ਐੱਸ.ਬੀ.ਐੱਸ.ਨਗਰ ਪੁਲਿਸ ਪਹਿਲਾਂ ਹੀ ਨਸ਼ਾ ਤਸਕਰਾਂ ਖਿਲਾਫ਼ ਕਾਰਵਾਈ ਕਰਕੇ ਸਲਾਖਾਂ ਪਿੱਛੇ ਡੱਕ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਸੋਮਵਾਰ ਤੋਂ ਖਟਕੜ ਕਲਾਂ ਤੋਂ ਸ਼ੁਰੂ ਕੀਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਨੇ ਲੋਕਾਂ ਨੂੰ ਇਸ ਮੁਹਿੰਮ ਦਾ ਸਰਗਰਮ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਆਮ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਕਾਮਯਾਬ ਨਹੀਂ ਹੋ ਸਕਦੇ ਅਤੇ ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਸਮਾਜ ਦੇ ਹਰ ਵਰਗ ਨੂੰ ਇਸ ਨੇਕ ਕਾਰਜ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਪ੍ਰਸ਼ਾਸਨ ਅਤੇ ਸਰਕਾਰ ਦਾ ਹਿੱਸਾ ਬਣਨਾ ਚਾਹੀਦਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕਾਂ ਦੀ ਸ਼ਮੂਲੀਅਤ ਨਾਲ ਇਹ ਮੁਹਿੰਮ ਆਉਣ ਵਾਲੀਆਂ ਪੀੜੀਆਂ ਨੂੰ ਬਚਾਉਣ ਲਈ ਇੱਕ ਲੋਕ ਲਹਿਰ ਬਣ ਜਾਵੇਗੀ।ਉਨ੍ਹਾਂ ਇਸ ਮੌਕੇ ਮੀਟਿੰਗ ਵਿਚ ਇੰਸਪੈਕਟਰ ਨਰੇਸ਼ ਕੁਮਾਰੀ ਨੂੰ ਵਿਸ਼ੇਸ਼ ਤੌਰ ’ਤੇ ਬੁਲਾ ਕੇ ਉਸ ਵੱਲੋਂ ਨਸ਼ਿਆਂ ਦੀ ਰੋਕਥਾਮ ਬਾਰੇ ਕੀਤੇ ਯਤਨਾਂ ਦੀ ਸ਼ਲਾਘਾ ਕਰਦਿਆਂ, ਪ੍ਰਸ਼ਾਸਨ ਦੀ ਮੌਜੂਦਾ ਮੁਹਿੰਮ ਬਾਬਤ ਸੁਝਾਅ ਵੀ ਲਏ। ਇਸ ਮੌਕੇ ਡੀ ਐਸ ਪੀ ਅਮਰਨਾਥ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨਰੇਸ਼ ਗੌਤਮ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਕੁਲਵਿੰਦਰ ਸਿੰਘ ਸਰਾਏ, ਖੇਡ ਵਿਭਾਗ ਤੋਂ ਕੋਚ ਮਲਕੀਅਤ ਸਿੰਘ, ਸਿਹਤ ਵਿਭਾਗ ਦੇ ਜ਼ਿਲ੍ਹਾ ਵਿਹਾਰ ਪਰਿਵਰਤਨ ਫੇਸਿਲਿਟੇਟਰ ਮੰਗ ਗੁਰਪ੍ਰਸਾਦ ਸਿੰਘ, ਡੀ ਪੀ ਓ ਦਫ਼ਤਰ ਤੋਂ ਸਮਾਇਲੀ ਥਿੰਦ ਤੇ ਲੈਕਚਰਾਰ ਬਲਦੀਸ਼ ਸਿੰਘ ਹਾਜ਼ਰ ਸਨ।



## ਫੜੇ ਗਏ ਨਸ਼ੀਲੇ ਪਦਾਰਥਾਂ ਦੀ ਮਾਤਰਾ ਦੇ ਆਧਾਰ ’ਤੇ ਸੂਚਨਾ ਦੇਣ ਵਾਲੇ ਨੂੰ ਮਿਲੇਗਾ ਇਨਾਮ- ਐਨ.ਪੀ.ਐੱਸ. ਰੰਧਾਵਾ

# ਡੀ ਸੀ ਨੇ ਅਧਿਕਾਰੀਆਂ ਨੂੰ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਪ੍ਰਦਾਨ ਕਰਨੀਆਂ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ



## ਸੁਸ਼ਾਸਨ ਵਿੱਚ ਹੋਰ ਸੁਧਾਰਾਂ ਲਈ ਸੁਝਾਅ ਮੰਗੇ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਲੋਕਾਂ ਨੂੰ ਕੁਸ਼ਲ ਅਤੇ ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਮੰਗਲਵਾਰ ਨੂੰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਦਫ਼ਤਰਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਪ੍ਰਦਾਨ ਕਰਨੀਆਂ ਯਕੀਨੀ ਬਣਾਉਣ।ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਮੁਖੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅਧਿਕਾਰੀਆਂ ਨੂੰ ਪ੍ਰੇਰਿਆ ਕਿ ਉਹ ਆਮ ਲੋਕਾਂ ਨੂੰ ਆਪਣੇ ਰੋਜ਼ਾਨਾ ਦੇ ਕੰਮਾਂ ਨੂੰ ਆਸਾਨੀ ਨਾਲ ਨੇਪਰੇ ਚਾੜ੍ਹਨ ਵਿੱਚ ਮਦਦ ਕਰਨ, ਜਿਸ ਨਾਲ ਲੋਕਾਂ ਵਿੱਚ ਸਰਕਾਰ, ਪ੍ਰਸ਼ਾਸਨ ਅਤੇ ਸਰਕਾਰੀ ਕਰਮਚਾਰੀਆਂ ਪ੍ਰਤੀ ਭਰੋਸਾ ਪੈਦਾ ਹੋਵੇਗਾ।ਐਨ.ਪੀ.ਐਸ. ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੇ ਭਲੇ ਲਈ ਲੋਕ ਪੱਖੀ ਅਤੇ ਵਿਕਾਸ ਪੱਖੀ ਨੀਤੀਆਂ ਨੂੰ ਲਾਗੂ ਕਰਨ ਲਈ ਵਚਨਬੱਧ ਹੈ।ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਜ਼ਿਲ੍ਹੇ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਪ੍ਰੋਜੈਕਟਾਂ ਨੂੰ ਸਮੇਂ ਸਿਰ ਤਿਆਰ ਕਰਨ ਅਤੇ ਲਾਗੂ ਕਰਨ ਲਈ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਲੋਕਾਂ ਦੇ ਭਲੇ ਲਈ ਸਿਸਟਮ ਨੂੰ ਹੋਰ ਪਾਰਦਰਸ਼ੀ, ਸਰਲ ਬਣਾਉਣ ਲਈ ਸੁਝਾਅ ਦੇਣ ਅਤੇ ਉਨ੍ਹਾਂ ਨੂੰ ਰਿਪੋਰਟ ਸੌਂਪਣ ਲਈ ਕਿਹਾ ਤਾਂ ਜੋ ਲੋੜੀਂਦੇ ਬਦਲਾਅ ਲਈ ਸਰਕਾਰ ਨੂੰ ਇਹ ਸੁਝਾਅ ਭੇਜੇ ਜਾ ਸਕਣ।ਉਨ੍ਹਾਂ ਸਪੱਸ਼ਟ ਤੌਰ ’ਤੇ ਕਿਹਾ ਕਿ ਵਿਭਾਗਾਂ ਦੇ ਕੰਮਕਾਜ ਵਿੱਚ ਕਿਸੇ ਕਿਸਮ ਦੀ ਕੁਤਾਹੀ ਨਹੀਂ ਹੋਣੀ ਚਾਹੀਦੀ ਅਤੇ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਪੇਂਡੇਂਸੀ ਨਹੀਂ ਹੋਣੀ ਚਾਹੀਦੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਅਮਿਤ ਸਰੀਨ, ਅਮਰਦੀਪ ਸਿੰਘ ਬੈਂਸ, ਸਹਾਇਕ ਕਮਿਸ਼ਨਰ ਦੀਪਾਂਕਰ ਗਰਗ, ਡੀ ਆਰ ਓ ਅਜੀਤਪਾਲ ਸਿੰਘ, ਐਕਸੀਅਨ ਲੋਕ ਨਿਰਮਾਣ ਵਿਭਾਗ ਬੀਐਸ ਤੁਲੀ, ਡੀਈਓ ਕੁਲਵਿੰਦਰ ਸਿੰਘ ਸਰੋਏ, ਜੀ ਐਮ ਡੀ ਆਈ ਸੀ ਅਰਸ਼ਪ੍ਰੀਤ ਸਿੰਘ ਆਦਿ ਹਾਜ਼ਰ ਸਨ।



# ਬੰਗਾ ਨੂੰ ਪੰਜਾਬ ਦੇ ਪਹਿਲੇ ਸੋਲਰ ਬਲਾਕ ਵਜੋਂ ਵਿਕਸਤ ਕੀਤਾ ਜਾਵੇਗਾ-ਡੀ ਸੀ ਨਵਜੋਤ ਪਾਲ ਸਿੰਘ ਰੰਧਾਵਾ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਬੁੱਧਵਾਰ ਨੂੰ ਕਿਹਾ ਕਿ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਬਲਾਕ ਨੂੰ ਪੰਜਾਬ ਦੇ ਪਹਿਲੇ ਸੋਲਰ ਬਲਾਕ ਵਜੋਂ ਵਿਕਸਤ ਕੀਤਾ ਜਾਵੇਗਾ। ਅੱਜ ਨਵਾਂਸ਼ਹਿਰ ਵਿਖੇ ਬੰਗਾ ਬਲਾਕ ਵਿੱਚ ਪੈਂਦੇ 60 ਤੋਂ ਵੱਧ ਪਿੰਡਾਂ ਦੇ ਸਰਪੰਚਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਬੰਧੀ ਪਹਿਲਾਂ ਹੀ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ, ਜਿਸ ਤਹਿਤ ਸੋਲਰ ਸਟਰੀਟ ਲਾਈਟਾਂ, ਸੋਲਰ ਪੰਪ ਅਤੇ ਛੱਤਾਂ @ਤੇ ਸੋਲਰ ਪਲਾਂਟ, ਪੰਚਾਇਤਾਂ ਨੂੰ ਮੁਹਿੰਮ ਵਿੱਚ ਸ਼ਾਮਲ ਕਰਕੇ ਪੜਾਅਵਾਰ ਸਥਾਪਿਤ ਕੀਤੇ ਜਾਣਗੇ। ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (ਪੇਡਾ) ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਸਰਪੰਚਾਂ ਨੂੰ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੇ ਪਿੰਡਾਂ ਵਿੱਚ ਛੱਤਾਂ @ਤੇ ਸੋਲਰ ਪਲਾਂਟ ਲਗਾ ਕੇ, ਸਟਰੀਟ ਲਾਈਟਾਂ ਦੀ ਥਾਂ ਸੋਲਰ ਲਾਈਟਾਂ ਅਤੇ ਸੋਲਰ ਪੰਪ ਲਗਾ ਕੇ ਸੂਰਜੀ ਊਰਜਾ ਦੀ ਵਰਤੋਂ ਕਰਨ ਲਈ ਇਨ੍ਹਾਂ ਸਕੀਮਾਂ ਦਾ ਲਾਭ ਲੈਣ। ਉਨ੍ਹਾਂ ਕਿਹਾ ਕਿ ਪੇਡਾ ਦੇ ਅਧਿਕਾਰੀ ਇਸ ਕੰਮ ਵਿੱਚ ਪੰਚਾਇਤਾਂ ਦੀ ਅਗਵਾਈ ਅਤੇ ਮਦਦ ਕਰਨਗੇ ਤਾਂ ਜੋ ਪੰਜਾਬ ਸਰਕਾਰ ਦੀਆਂ ਵੱਖ-ਵੱਖ ਸਬਸਿਡੀ ਸਕੀਮਾਂ ਤੋਂ ਲਾਭ ਉਠਾ ਕੇ, ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਪਿੰਡਾਂ ਨੂੰ ਸੂਰਜੀ ਊਰਜਾ ਨਾਲ ਰੌਸ਼ਨ ਕੀਤਾ ਜਾ ਸਕੇ। ਐਨ ਪੀ ਐਸ ਰੰਧਾਵਾ ਨੇ ਕਿਹਾ ਕਿ ਸੂਰਜੀ ਊਰਜਾ ਨਾ ਸਿਰਫ਼ ਸਸਤੀ ਹੈ ਬਲਕਿ ਬਿਜਲੀ ਅਤੇ ਡੀਜ਼ਲ @ਤੇ ਪੈਸੇ ਦੀ ਬੱਚਤ ਕਰਨ ਵਿੱਚ ਮਦਦ ਕਰੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਨਾਲ ਬਲਾਕ ਵਿੱਚ ਬੇਮਿਸਾਲ ਵਿਕਾਸ ਦੇ ਨਵੇਂ ਦੌਰ ਦੀ ਸ਼ੁਰੂਆਤ ਹੋਵੇਗੀ ਅਤੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਨੂੰ ਪਾਇਲਟ ਪਿੰਡ ਵਜੋਂ ਲਿਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਕਿਹਾ ਕਿ ਉਹ ਆਪਣੇ ਪਿੰਡਾਂ ਨੂੰ ਪਲਾਸਟਿਕ ਮੁਕਤ ਬਣਾਉਣ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਦੀਪ ਸਿੰਘ ਬੈਂਸ ਅਤੇ ਡੀ ਡੀ ਪੀ ਓ ਦਵਿੰਦਰ ਸ਼ਰਮਾ, ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ ਦੇ ਸੀਨੀਅਰ ਮੈਨੇਜਰ ਸੁਰਿੰਦਰ ਸਿੰਘ, ਸਹਾਇਕ ਮੈਨੇਜਰ ਚਤਰਪਾਲ ਸਿੰਘ, ਬੀ ਡੀ ਪੀ ਓ ਬੰਗਾ ਹਰਬਿਲਾਸ ਆਦਿ ਹਾਜ਼ਰ ਸਨ।

# ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਸਰਕਾਰ ਦੇ ਵਧੀਆ ਉਪਰਾਲੇ ਟੀਚਰ ਯੂਨੀਅਨ



**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪੰਜਾਬ ਵਿੱਚ ਨਵੀਂ ਬਣੀ ਆਪ ਪਾਰਟੀ ਦੀ ਸਰਕਾਰ ਵਲੋਂ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਉਠਾਏ ਜਾ ਰਹੇ ਕਦਮਾਂ ਦੀ ਹੈੱਡਮਾਸਟਰ ਐਸੋਸੀਏਸ਼ਨ ਪੰਜਾਬ , ਜਿਲ੍ਹਾ ਇਕਾਈ ਮੋਗਾ ਵਲੋਂ ਪੁਰਜੋਰ ਹਮਾਇਤ ਕੀਤੀ ਗਈ । ਐਸੋਸੀਏਸ਼ਨ ਵਲੋਂ ਇਕ ਵਿਸ਼ੇਸ਼ ਇਕੱਤਰਤਾ ਕਰਕੇ ਮਾਨ ਸਰਕਾਰ ਵਲੋਂ ਸਰਕਾਰੀ ਦਫ਼ਤਰਾਂ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਹਿੱਤ ਹੈਲਪਲਾਈਨ ਨੰਬਰ ਜਾਰੀ ਕਰਕੇ ਆਮ ਲੋਕਾਂ ਨੂੰ ਰਾਹਤ ਦੇਣ ਲਈ ਸਰਕਾਰ ਦਾ ਧੰਨਵਾਦ ਕੀਤਾ ਤੇ ਆਸ ਜਤਾਈ ਕਿ ਸਰਕਾਰ ਆਮ ਲੋਕਾਂ ਦੇ ਹਿੱਤਾ ਲਈ ਕੀਤੇ ਵਾਅਦੇ ਪੂਰੀ ਤਨਦੇਹੀ ਨਾਲ ਪੂਰੇ ਕਰੇਗੀ ।ਇਸ ਲੜੀ ਤਹਿਤ ਹੀ ਤਰਨਤਾਰਨ ਜ਼ਿਲ੍ਹੇ ਦੇ ਵਿੱਚ ਪੱਟੀ ਦੇ ਭ੍ਰਿਸ਼ਟ ਖਜਾਨਾ ਦਫਤਰ ਦੇ ਕਰਮਚਾਰੀ ਨੂੰ ਮੁਅੱਤਲ ਕਰਕੇ ਇਕ ਸਖ਼ਤ ਸੰਦੇਸ਼ ਦਿੱਤਾ ਹੈ ਤੇ ਭ੍ਰਿਸਟਾਚਾਰ ਵਿਰੁੱਧ ਸਰਕਾਰ ਦੀ ਲੜਾਈ ਲਈ ਪਹਿਲਕਦਮੀ ਹੈ । ਐਸੋਸੀਏਸ਼ਨ ਵਲੋਂ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਆਮ ਲੋਕਾਂ ਨੂੰ ਦਫ਼ਤਰਾਂ ਵਿੱਚ ਹੁੰਦੀ ਖੱਜਲ ਖੁਆਰੀ ਤੋਂ ਰਾਹਤ ਦੇਣ ਲਈ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਇਸ ਤਰਾਂ ਹੀ ਜਾਰੀ ਰੱਖੀ ਜਾਵੇ ਤੇ ਲੋਕਾਂ ਦੇ ਹਿੱਤਾਂ ਦਾ ਖਿਆਲ ਰੱਖਿਆ ਜਾਵੇ । ਇਸ ਮੌਕੇ ਪ੍ਰਧਾਨ ਗੁਰਪ੍ਰੀਤ ਪਾਲ ਸਿੰਘ , ਜਨਰਲ ਸਕੱਤਰ ਕਿਰਪਾਲ ਸਿੰਘ ਤੋਂ ਇਲਾਵਾ ਹੈੱਡਮਾਸਟਰ ਗੁਰਵਿੰਦਰ ਸਿੰਘ ਫ਼ਿਰੋਜ਼ਪੁਰ , ਰਮਿੰਦਰ ਸਿੰਘ ਤੇ ਬਲਕਰਨ ਸਿੰਘ ਆਦਿ ਹਾਜ਼ਰ ਸਨ ।

# ਕੌਮੀ ਅਦਾਲਤ ਵਿੱਚ ਕੇਸ ਲਗਾਉਣ ਨਾਲ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ




**ਗੁਰਦਾਸਪੁਰ/ਨਵਨੀਤ ਕੁਮਾਰ**

ਸ੍ਰੀਮਤੀ ਰਮੇਸ਼ ਕੁਮਾਰੀ ਮਾਣਯੋਗ ਜ਼ਿਲਾ ਅਤੇ ਸੈਸਨ ਜੱਜ-ਕਮ-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਰਹਿਨਮਾਈ ਹੇਠ 14 ਮਈ 2022 ਨੂੰ ਜ਼ਿਲ੍ਹਾ ਕਚਹਿਰੀਆਂ ਗੁਰਦਾਸਪੁਰ ਤੇ ਬਟਾਲਾ ਵਿਖੇ ਸ਼ੈਸਨਜ਼ ਡਵੀਜ਼ਨ ਗੁਰਦਾਸਪੁਰ ਅਧੀਨ ਸਮੂਹ ਨਿਆਂਇਕ ਅਦਾਲਤਾਂ ਵਿਚ ਕੇਸਾਂ ਦੇ ਨਿਪਟਾਰੇ ਲਈ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਡਮ ਨਵਦੀਪ ਕੋਰ ਗਿੱਲ ਸਿਵਿਲ ਜੱਜ (ਸੀਨੀਅਰ ਡਵੀਜ਼ਨ/ ਸੀ.ਜੀ.ਐਮ) -ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ ਇਸ ਲੋਕ ਅਦਾਲਤ ਵੱਖ-ਵੱਖ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ, ਜਿਵੇਂ ਕਿ ਕਰੀਮੀਨਲ ਕੰਪਾਊਂਡਬਲ ਕੇਸ, ਬੈਂਕ ਰਿਕਰਵਰੀ ਕੇਸ, ਐਮਏਸੀਟੀ ਕੇਸ, ਮੈਟਰੀਮੋਨੀਅਲ, ਲੈਬਰ ਦੇ ਝਗੜੇ, ਲੈਂਡ, ਬਿਜਲੀ ਅਤੇ ਪਾਣੀ ਦੇ ਬਿੱਲਾਂ, ਪੇਅ ਅਲਾਊਂਸ, ਰੈਵਨਿਊ ਕੇਸ ( ਜ਼ਿਲਾ ਅਤੇ ਹਾਈਕੋਰਟ ਕਚਹਿਰੀਆਂ ਵਿਚ ਪੈਡਿੰਗ) ਆਦਿ ਕੇਸ ਲਗਾਏ ਗਏ। ਇਸ ਤੋਂ ਇਲਾਵਾ ਪ੍ਰੀ ਲਿਟੀਗੇਸ਼ਨ ਕੇਸਜ਼ ਜਿਵੇਂ ਬੈਂਕ ਰਿਕਵਰੀ ਕੇਸ, ਲੈਬਰ ਝਗੜੇ, ਬਿਜਲੀ ਅਤੇ ਪਾਣੀ ਦੇ ਬਿੱਲ ਅਤੇ ਹੋਰ ਆਦਿ ਕੇਸ ਲਗਾਏ ਜਾ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵੱਧ ਤੋ ਵੱਧ ਲੋਕ ਇਨਾਂ ਅਦਾਲਤਾਂ ਵਿੱਚ ਕੇਸ ਲਗਾਉਣ। ਇਸ ਲੋਕ ਅਦਾਲਤ ਵਿੱਚ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਇਨ੍ਹਾਂ ਲੋਕ ਅਦਾਲਤਾਂ ਦੇ ਫੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਅਤੇ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਇਨ੍ਹਾਂ ਲੋਕ ਅਦਾਲਤਾਂ ਰਾਹੀਂ ਕਰਵਾ ਕੇ ਲਾਭ ਪ੍ਰਾਪਤ ਕਰਨ।

# ਅੱਛਰੂ ਦੇ ਸਾਥੀ ਜੱਸਾ ਦਿਉਗੜ ਨੂੰ 4500 ਦੜਾ ਸਟਾਂ ਲਗਵਾਉਂਦੇ ਹੋਏ ਕੀਤਾ ਕਾਬੂ

**ਪਟਿਆਲ਼ਾ/ਇਕਬਾਲ ਸਿੰਘ:** ਪਟਿਆਲਾ ਦੇ ਐਸ ਐਸ ਪੀ ਸ. ਨਾਨਕ ਸਿੰਘ ਦੇ ਦਿਸਾ ਐੱਸਐੱਸਪੀ ਪਟਿਆਲਾ ਸਰਦਾਰ ਨਾਨਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਪੰਜਾਬ ਪੁਲਸ ਦੇ ਹੋਣਹਾਰ ਅਤੇ ਐਸਐਚਓ ਜੀ ਐਸ ਸਿਕੰਦ ਨੇ ਬੀਤੇ ਦਿਨੀਂ ਸਾਮਾਨਾਂ ਦੇ ਬਹੁਤੇ ਨਿਰਦੇਸਾ ਦੇ ਤਹਿਤ ਪੰਜਾਬ ਪੁਲਿਸ ਵਿਚ ਦਬੰਗ ਅਫਸਰ ਵੱਜੋ ਜਾਣੇ ਜਾਦੇ ਸਪੈਸਲ ਸੈਲ ਦੇ ਇੰਚਾਰਜ ਇਸਪੈਕਟਰ ਜੀ ਐਸ ਸਿਕੰਦ ਵੱਲੋ ਦੜਾ ਸੱਟਾ ਗਿਰੋਹ ਤੇ ਵੱਡੀ ਕਾਰਵਾਈ ਕਰਦਿਆ ਸਮਾਣਾ ਦੇ ਵੱਡੇ ਕਿੰਗਪਿੰਨ ਮਗਰਮੱਛ ਅੱਛਰੂ ਰਾਮ ਨੂੰ ਉਸਦੇ ਗਿਰੋਹ ਸਮੇਤ ਵੱਡੀ ਰਕਮ ਸਹਿਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ ਇਸ ਕਾਰਵਾਈ ਦੋਰਾਨ ਇਸਪੈਕਟਰ ਸਿਕੰਦ ਵੱਲੋ ਅੱਜ ਤੱਕ ਦੀ ਸਭ ਤੋ ਵੱਡੀ ਰਕਮ ਪੱਚੀ ਲੱਖ ਸਮੇਤ ਮੁਜਰਮ ਕਾਬੂ ਕੀਤੇ ਗਏ ਹਨ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਕ ਪੰਜਾਬ ਪੁਲਸ ਵਿਚ ਇਮਾਨਦਾਰ ਅਫਸਰ ਵੱਜੋ ਜਾਣੇ ਜਾਦੇ ਆਈ ਪੀ ਐਸ ਅਫਸਰ ਐਸ ਐਸ ਪੀ ਨਾਨਕ ਸਿੰਘ ਪਟਿਆਲਾ ਵੱਲੋ ਮਾੜੇ ਅਨਸਰਾ ਵਿਰੁੱਧ ਛੇੜੀ ਮੁਹਿੰਮ ਨੂੰ ਉਸ ਵੇਲੇ ਭਰਵਾ ਹੁੰਗਾਰਾ ਮਿਲਿਆ ਜਦੋ ਸਪੈਸਲ ਸੈਲ ਦੇ ਇੰਚਾਰਜ ਜੀ ਐਸ ਸਿਕੰਦ ਵੱਲੋ ਦੜੇ ਸੱਟੇ ਦੇ ਜਿਲਾ ਪਟਿਆਲਾ ਦੇ ਮੇਨ ਕਿੰਗ ਪਿੰਨ ਅੱਛਰੂ ਰਾਮ ਸਮਾਣਾ ਨੂੰ ਕਾਬੂ ਕਰਨ ਦੇ ਨਾਲ ਨਾਲ ਪਾਤੜਾ ਅਤੇ ਸਮਾਣਾ ਦੇ ਦਰਜਨ ਭਰ ਸੱਟਾ ਵਪਾਰੀ ਕਾਬੂ ਕਰਕੇ ਮਾੜੇ ਅਨਸਰਾ ਨੂੰ ਕੰਬਣੀ ਛੇੜ ਦਿੱਤੀ ਹੈ ਸੱਟੇ ਦੇ ਇੰਨੀ ਵੱਡੀ ਰਕਮ ਬਰਾਮਦ ਹੋਣਾ ਪਟਿਆਲਾ ਪੁਲਸ ਲਈ ਬਹੁਤ ਮਾਣ ਅਤੇ ਕਾਬੀਲੇ ਤਾਰਿਫ ਹੈ ਕਿਊ ਕਿ ਇਸ ਕਾਰਵਾਈ ਨਾਲ ਸੱਟਾ ਗਿਰੋਹ ਦਾ ਲੱਕ ਟੁੱਟਣਾ ਲਾਜਮੀ ਹੈ ਜਾਣਕਾਰੀ ਮੁਤਾਬਕ ਪਾਤੜਾ ਤੋ ਚਾਰ ਸੰਗਰੂਰ ਤੋ ਇੱਕ ਅਤੇ ਸਮਾਣਾ ਤੋ ਅੱਧੀ ਦਰਜਨ ਦੇ ਲਗਭਗ ਸੱਟਾ ਵਪਾਰੀ ਫੜਕੇ ਥਾਣੇ ਵਿਚ ਡੱਕ ਦਿਤੇ ਜਾਣ ਤੋ ਬਾਅਦ ਆਮ ਲੋਕਾ ਦੀ ਹੋ ਰਹੀ ਲੁੱਟ ਤੇ ਬਹੁ ਹੱਦ ਤੱਕ ਰੋਕ ਲਾਜਮੀ ਹੈ ਸਪੈਸਲ ਸੈਲ ਦੇ ਇੰਚਾਰਜ ਜੀਂ ਐਸ ਸਿਕੰਦ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਕਿਹਾ ਕਿ ਊਨਾ ਵੱਲੋ ਸਮਾਣਾ ਦੇ ਕਿੰਗਪਿੰਨ ਅੱਛਰੂ ਰ ?ਮ ਪਾਸੋ ਪੱਚੀ ਲੱਖ ਰੁਪਏ ਬਰਾਮਦ ਕਰਨ ਤੋ ਬਾਅਦ ਉਸ ਦੇ ਨੋ ਹੋਰ ਸਾਥੀਆ ਨੂੰ ਵੱਖ ਵੱਖ ਥਾਵਾ ਤੋ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ ਹੈ ਉਨਾ ਦੱਸਿਆ ਕਿ ਸਮਾਣਾ ਤੋ ਅੱਛਰੂ ਰਾਮ ਕਸਮੀਰ ਰਾਮ ਉਰਫ ਖੀਰਾ ਸਮਾਣਾ ਸਿਵ ਕੁਮਾਰ ਪੁੱਤਰ ਉਮ ਪ੍ਰਕਾਸ ਚੰਦ ਸਮਾਣਾ ਦਿਨੇਸ ਫਰੂਟ ਸੋਪ ਸਮਾਣਾ ਰਾਜੇਸ ਕੁਮਾਰ ਪੁੱਤਰ ਰਾਜਿੰਦਰ ਪਾਲ ਪਾਤੜਾ ਸੋਨੂ (ਸੁਖਦੇਵ)ਪੁੱਤਰ ਤਾਰਾ ਚੰਦ ਪਾਤੜਾ ਕੁਲਦੀਪ ਪਾਤੜਾ ਅਤੇ ਕਾਲਾ ਰਾਮ ਵਾਸੀ ਸੰਗਰੂਰ ਖਿਲਾਫ ਮੁਕੱਦਮਾ ਨੰਬਰ 94 ਧਾਰਾ 420 ਗੈਬਲਿੰਗ ਐਕਟ ਤਹਿਤ ਸਿਟੀ ਸਮਾਣਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ ਇਸਪੈਕਟਰ ਜੀ ਐਸ ਸਿਕੰਦ ਨੇ ਮਾੜੇ ਅਨਸਰਾ ਨੂੰ ਤਾੜਨਾ ਕਰਦਿਆ ਕਿਹਾ ਕਿ ਗੈਰ ਕਾਨੂੰਨੀ ਕੰਮ ਬੰਦ ਕਰ ਦਿਊ ਨਹੀ ਤਾ ਸਖਤ ਕਾਰਵਾਈ ਕੀਤੀ ਜਾਵੇਗੀ ਕਿਸੇ ਵੀ ਮਾੜੇ ਅਨਸਰ ਨੂੰ ਕਿਸੇ ਕੀਮਤ ਤੇ ਬਖ਼ਸ਼ਿਆ ਨਹੀ ਜਾਵੇਗਾ।



# ਮਜ਼ਦੂਰ ਨੇ ਕੀਤਾ ਵਿਧਾਇਕਾ ਮਾਣੂੰਕੇ ਦੇ ਨਵੇਜ਼ ਦਫ਼ਤਰ ਦਾ ਉਦਘਾਟਨ



ਵਿਧਾਨ ਸਭਾ ਹਲਕਾ ਜਗਰਾਉਜ਼ ਦੇ ਲੋਕਾਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਦੇ ਹੱਲ ਲਈ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਲੋਕਾਂ ਦੀ ਸਹੂਲਤ ਵੇਖਦੇ ਹੋਏ ਜਗਰਾਉਜ਼ ਦੇ ਹੀਰਾ ਬਾਗ ਵਿਖੇ ਨਵਾਂ ਐਮ.ਐਲ.ਏ. ਦਫ਼ਤਰ ਬਣਾਇਆ ਗਿਆ ਹੈ, ਜਿਸ ਦਾ ਉਦਘਾਟਨ ਇੱਕ ਕਿਰਤੀ ਮਜ਼ਦੂਰ ਨਿਰਭੈ ਸਿੰਘ ਵੱਲੋਜ਼ ਕੀਤਾ ਗਿਆ. ਇਸ ਮੌਕੇ ਹਲਕਾ ਵਾਸੀਆਂ ਦੇ ਵੱਡੇ ਇਕੱਠ ਸੰਬੋਧਨ ਕਰਦੇ ਹੋਏ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਕਿ ਅੰਦਰ ਆਮ ਆਦਮੀ ਦੀ ਸਰਕਾਰ ਪੰਜਾਬ ਵਾਸੀਆਂ ਹਰ ਪ੍ਰਕਾਰ ਦੀਆਂ ਲੋੜਾਂ ਪ੍ਰਦਾਨ ਕਰਨ ਲਈ ਯਤਨਸ਼ੀਲ ਹੈ ਅਤੇ ਇਸੇ ਮਕਸਦ ਨਾਲ ਹੀ ਪੰਜਾਬ ਸਰਕਾਰ ਵੱਲੋਜ਼ ਦਿੱਲੀ ਸਰਕਾਰ ਨਾਲ ਚੰਗੇ ਅਤੇ ਸ਼ਲਾਘਾਯੋਗ ਵਿਚਾਰ ਸਾਂਝੇ ਕਰਨ ਲਈ ਇੱਕ ਸਮਝੌਤਾ ਕੀਤਾ ਗਿਆ ਹੈ. ਪਰੰਤੂ ਅਕਾਲੀਆਂ ਤੇ ਕਾਂਗਰਸੀਆਂ ਹੱਥਾਂ ਪੈਰਾਂ ਦੀ ਪੈ ਗਈ ਹੈ ਕਿ ਕਿਧਰੇ ਭਗਵੰਤ ਮਾਨ ਦੀ ਸਰਕਾਰ ਚੰਗੇ ਕੰਮ ਕਰਕੇ ਲੋਕਾਂ ਦੇ ਦਿਲਾਂ ਵਿੱਚ ਹੀ ਨਾ ਵਸ ਜਾਵੇ. ਇਸੇ ਡਰ ਕਾਰਨ ਹੀ ਅਕਾਲੀ ਤੇ ਕਾਂਗਰਸੀ 0ਆਪ ਸਰਕਾਰ# ਉਪਰ ਝੂਠੇ ਤੇ ਬੇਬੁਨਿਆਦ ਦੋਸ਼ ਲਗਾਕੇ ਸਰਕਾਰ ਦੇ ਕੰਮ ਵਿੱਚ ਅੜਿੱਕੇ ਢਾਅ ਰਹੇ ਹਨ. ਪਰੰਤ ਮਾਨਯੋਗ ਮੁੱਖ ਮੰਤਰੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਵਿੱਚ ਚੰਗੇ ਕੰਮ ਕਰਨ ਲਈ ਜੇਕਰ ਹੋਰਨਾਂ ਦੇਸ਼ਾਂ ਦੀ ਵੀ ਸਲਾਹ ਦੀ ਲੋੜ ਪਈ ਤਾਂ ਉਹ ਲੈਣਗੇ ਅਤੇ ਪੰਜਾਬ 0ਰੰਗਲਾ ਪੰਜਾਬ# ਬਣਾਇਆ ਜਾਵੇਗਾ. ਉਹਨਾਂ ਅਖਿਆ ਕਿ ਵੱਖ ਵੱਖ ਵਿਭਾਗਾਂ ਵਿੱਚ ਨੌਜੁਆਨਾਂ ਨੌਕਰੀਆਂ ਦੇਣ ਲਈ ਸਟਿੱਪ-ਵਾਈਜ਼ ਇਸ਼ਤਿਹਾਰ ਜਾਰੀ ਕੀਤੇ ਜਾ ਰਹੇ ਹਨ ਅਤੇ 25 ਹਜ਼ਾਰ ਨੌਕਰੀਆਂ ਦਿੱਤੀਆਂ ਜਾਣਗੀਆਂ. ਪੰਜਾਬ ਵਿੱਚੋਜ਼ ਰਿਸ਼ਵਤਖੋਰੀ ਬੰਦ ਕਰਨ ਅਤੇ ਗੈਰ-ਕਾੱਨੀ ਰੋਕਣ ਲਈ ਹੈਲਪ-ਲਾਈਨ ਨੰਬਰ ਜਾਰੀ ਕੀਤੇ ਜਾ ਚੁੱਕੇ ਹਨ. ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਹਲਕਾ ਵਾਸੀ ਉਹਨਾਂ ਦੇ ਨਵੇਜ਼ ਦਫ਼ਤਰ ਵਿਖੇ ਸਵੇਰੇ 9 ਵਜੇ ਤੋਜ਼ ਸ਼ਾਮ 5 ਵਜੇ ਤੱਕ ਪਹੁੰਚਕੇ ਆਪਣੀਆਂ ਸਮੱਸਿਆਵਾਂ ਹੱਲ ਕਰਵਾ ਸਕਦੇ ਹਨ. ਇਸ ਉਦਘਾਟਨ ਮੌਕੇ ਹਲਕਾ ਦਾਖਾ ਦੇ ਇੰਚਾਰਜ ਡਾ:ਕੇ.ਐਨ.ਐਸ.ਕੰਗ, ਪ੍ਰੀਤਮ ਸਿੰਘ ਅਖਾੜਾ, ਮਾ:ਅਵਤਾਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ. ਇਸ ਮੌਕੇ ਹੋਰਨਾਂ ਤੋਜ਼ ਇਲਾਵਾ ਪ੍ਰੋਫੈਸਰ ਸੁਖਵਿੰਦਰ ਸਿੰਘ, ਅਮਰਦੀਪ ਸਿੰਘ ਟੂਰੇ, ਪ੍ਰੀਤਮ ਸਿੰਘ ਅਖਾੜਾ, ਗੁਰਪ੍ਰੀਤ ਸਿੰਘ ਨੋਨੀ, ਐਡਵੋਕੇਟ ਕਰਮ ਸਿੰਘ ਸਿੱਧੂ, ਸਨੀ ਬੱਤਰਾ, ਗੋਪੀ ਸ਼ਰਮਾਂ, ਸੋਨੀ ਕਾਉਜ਼ਕੇ, ਗੁਰਪ੍ਰੀਤ ਸਿੰਘ ਗੋਪੀ, ਹਰਜਿੰਦਰ ਸਿੰਘ ਤਿਹਾੜਾ, ਸਰਪੰਚ ਸੁਰਜੀਤ ਸਿੰਘ ਜਨੇਤਪੁਰਾ, ਜਗਦੇਵ ਸਿੰਘ ਗਿੱਦੜਪਿੰਡੀ, ਸੁਰਿੰਦਰ ਸਿੰਘ ਲੱਖਾ, ਨਿੱਕਾ ਗਾਲਿਬ, ਸੁਖਦੇਵ ਸਿੰਘ ਪੰਚ ਤਿਹਾੜਾ, ਸਿਕੰਦਰ ਸਿੰਘ ਅੱਬੂਪੁਰਾ, ਅਮਰਜੀਤ ਸਿੰਘ ਅੱਬੂਪੁਰਾ, ਜਸਵੰਤ ਸਿੰਘ ਰਾਮਗੜ੍ਹ, ਰਾਜਪ੍ਰੀਤ ਸਿੰਘ ਬੋਦਲਵਾਲਾ, ਕੁਲਵਿੰਦਰ ਸਿੰਘ ਨੰਬਰਦਾਰ, ਜਗਰਾਜ ਸਿੰਘ ਰਸੂਲਪੁਰ, ਤਰਲੋਚਨ ਸਿੰਘ ਮੱਲਾ, ਜੋਗਿੰਦਰ ਸਿੰਘ ਗਾਲਿਬ ਖੁਰਦ, ਗੁਰਦੇਵ ਸਿੰਘ ਚਕਰ, ਸੁਖਵਿੰਦਰ ਸਿੰਘ ਕਾਕਾ, ਬਲੌਰ ਸਿੰਘ ਸ਼ੇਰਪੁਰ, ਜਰਨੈਲ ਸਿੰਘ ਲੰਮੇ, ਜੁਗਰਾਜ ਸਿੰਘ ਲਾਡੀ ਤੂਰ, ਜਗਸੀਰ ਸਿੰਘ ਮੱਲਾ, ਸਮਸ਼ੇਰ ਸਿੰਘ ਕਮਾਲਪੁਰਾ, ਮਨਪ੍ਰੀਤ ਸਿੰਘ ਮੰਨਾਂ, ਜੀਵਨ ਸਿੰਘ ਦੇਹੜਕਾ, ਪੰਜਾਬੀ ਗਾਇਕ ਇੰਦਰ ਅਟਵਾਲ, ਕਮਲਜੀਤ ਕੌਰ, ਗੁਰਪ੍ਰੀਤ ਕੌਰ ਆਦਿ ਵੀ ਹਾਜ਼ਰ ਸਨ।

# ਮਾਣਯੋਗ ਜਸਟਿਸ ਜਸਬੀਰ ਸਿੰਘ (ਸਾਬਕਾ ਜੱਜ), ਚੇਅਰਮੈਨ ਆਫ ਮੋਨਟਰਿੰਗ ਕਮੇਟੀ, ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵਲੋਂ ਅਧਿਕਾਰੀਆਂ ਨਾਲ ਮੀਟਿੰਗ

**ਗੁਰਦਾਸਪੁਰ/ਨਵਨੀਤ ਕੁਮਾਰ**

ਮਾਣਯੋਗ ਜਸਟਿਸ ਜਸਬੀਰ ਸਿੰਘ (ਸਾਬਕਾ ਜੱਜ), ਪੰਜਾਬ ਅਤੇ ਹਰਿਆਣਾ ਹਾਈਕੋਰਟ. ਚੰਡੀਗੜ੍ਹ, ਮੋਜੂਦਾ ਚੇਅਰਮੈਨ ਆਫ ਮੋਨਟਰਿੰਗ ਕਮੇਟੀ, ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਦੀ ਪ੍ਰਧਾਨਗੀ ਹੇਠ ਅੱਜ ਸਥਾਨਕ ਪੰਚਾਇਤ ਭਵਨ ਵਿਖੇ 'ਜ਼ਿਲਾ ਇੰਨਵਾਇਰਮੈਂਟ ਪਲਾਨ' ਦਾ ਰੀਵਿਊ ਕਰਨ ਲਈ ਮੀਟਿੰਗ ਕੀਤੀ ਗਈ। ਜਿਸ ਵਿਚ ਸਾਬਕਾ ਚੀਫ ਸੈਕਰਟਰੀ ਪੰਜਾਬ ਸ੍ਰੀ ਸੁਬੋਧ ਅਗਰਵਾਲ ਮੈਂਬਰ ਐਨ.ਜੀ.ਟੀ ਮੋਨਟਰਿੰਗ ਕਮੇਟੀ, ਸੰਤ ਬਲਬੀਰ ਸਿੰਘ ਸੀਚੇਵਾਲ, ਮੈਂਬਰ ਐਨ.ਜੀ.ਟੀ ਮੋਨਟਰਿੰਗ ਕਮੇਟੀ, ਸਾਬਕਾ ਮੈਂਬਰ ਸੈਕਟਰੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਸ੍ਰੀ ਬਾਬੂ ਰਾਮ, ਟੈਕਨੀਕਲ ਐਕਸਪਰਟ ਤੇ ਮੈਬਰ ਐਨ.ਜੀ.ਟੀ ਮੋਨਟਰਿੰਗ ਕਮੇਟੀ, ਡਿਪਟੀ ਕਮਿਸ਼ਨਰ ਗੁਰਦਾਸਪੁਰ, ਜਨਾਬ ਮੁਹੰਮਦ ਇਸ਼ਫਾਕ, ਡਾ. ਅਮਨਦੀਪ ਕੋਰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਬਲਰਾਜ ਸਿੰਘ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੋਜੂਦ ਸਨ।



ਮੀਟਿੰਗ ਦੌਰਾਨ ਚੇਅਰਮੈਨ ਆਫ ਮੋਨਟਰਿੰਗ ਕਮੇਟੀ, ਨੈਸ਼ਨਲ ਕਰੀਨ ਟ੍ਰਿਬਿਊਨਲ, ਨਵੀਂ ਦਿੱਲੀ ਮਾਣਯੋਗ ਜਸਟਿਸ ਜਸਬੀਰ ਸਿੰਘ ਵਲੋਂ 'ਜ਼ਿਲਾ ਇੰਨਵਾਇਰਮੈਂਟ ਪਲਾਨ' ਦੇ ਸਬੰਧ ਵਿਚ ਸੋਲਡ ਵੇਸਟ ਮੈਨੇਟਜਮੈਂਟ, ਵੇਸਟ ਵਾਟਰ, ਸੀਵਰੇਜ ਪਲਾਨ, ਮਾਈਨਿੰਗ ਤੇ ਇੰਡਸਟਰੀ ਆਦਿ ਦੇ ਸਬੰਧ ਵਿੱਚ ਕੀਤੇ ਗਏ ਕੰਮਾਂ ਦਾ ਰਿਵੀਊ ਕੀਤਾ ਗਿਆ ਤੇ ਉਨਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਸ਼ਚਿਤ ਕੀਤੇ ਗਏ ਸਮੇਂ ਅੰਦਰ ਕੰਮ ਮੁਕੰਮਲ ਕਰਨ ਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਉਨਾਂ ਜਿਲੇ ਅੰਦਰ ਡਰੇਨਜ਼, ਪਿੰਡਾਂ ਅੰਦਰ ਛੱਪੜਾਂ ਆਦਿ ਸਬੰਧੀ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਲਈ ਅਤੇ ਕਿਹਾ ਕਿ ਪੇਂਡੂ ਤੇ ਸ਼ਹਿਰੀ ਖੇਤਰਾਂ ਅੰਦਰ ਮੀਂਹ ਦੇ ਪਾਣੀ ਦੇ ਸੰਭਾਲ ਲਈ ਤੇਜ਼ੀ ਨਾਲ ਯਤਨ ਕੀਤੇ ਜਾਣ। ਉਨਾਂ ਸੀਵਰੇਜ ਪਾਣੀ ਨੂੰ ਮੁੜ ਵਰਤੋਂ ਯੋਗ ਬਣਾਉਣ ਲਈ ਹਦਾਇਤ ਕਰਦਿਆਂ ਕਿਹਾ ਕਿ ਜ਼ਿਲੇ ਅੰਦਰ ਸੀਵਰੇਜ ਪਾਣੀ ਦੇ ਟਰੀਮੈਂਟ ਵਿਚ ਹੋਰ ਤੇਜੀ ਨਾਲ ਕੰਮ ਕੀਤਾ ਜਾਵੇ।

ਮਾਣਯੋਗ ਜਸਟਿਸ ਜਸਬੀਰ ਸਿੰਘ ਨੇ ਅੱਗੇ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾਵੇ ਅਤੇ ਪਾਣੀ ਦੀ ਸਾਂਭ ਸੰਭਾਲ ਠੋਸ ਉਪਰਾਲੇ ਕੀਤੇ ਜਾਣ। ਉਨਾਂ ਕਿਹਾ ਕਿ ਭਵਿੱਖ ਦੀ ਲੋੜ ਨੂੰ ਸਮਝਿਦਆਂ ਸਾਰਿਆਂ ਨੂੰ ਇੱਕਜੁੱਟ ਹੋ ਕੇ ਵਾਤਾਵਰਣ ਦੀ ਸੰਭਾਲ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਾ ਚਾਹੀਦਾ ਹੈ।

ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਵਾਤਾਵਰਣ ਪ੍ਰਦੂਸ਼ਣ, ਬਹੁਤ ਗੰਭੀਰ ਵਿਸ਼ਾ ਹੈ ਤੇ ਇਸ ਪ੍ਰਤੀ ਬਹੁਤ ਚੰਤੰਨ ਤੇ ਸੰਜੀਦਾ ਹੋਣ ਦੀ ਲੋੜ ਹੈ। ਉਨਾਂ ਕਿਹਾ ਕਿ ਆਪਣੀ ਪੀੜੀ ਦੇ ਉੱਜਵਲ ਭਵਿੱਖ ਲਈ ਸਾਨੂੰ ਪਾਣੀ, ਹਵਾ ਤੇ ਖੁਰਾਕ ਦੀ ਸ਼ੁੱਧਤਾ ਲਈ ਅੱਗੇ ਹੋ ਕੇ ਕੰਮ ਕਰਨ ਦੀ ਲੋੜ ਹੈ। ਉਨਾਂ ਕਿਹਾ ਕਿ ਇਹ ਸਰਬੱਤ ਦੇ ਭਲੇ ਵਾਲਾ ਕਾਰਜ ਹੈ ਅਤੇ ਸਾਰਿਆਂ ਨੂੰ ਇੱਕਜੁੱਟਤਾ ਨਾਲ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਹੰਭਲਾ ਮਾਰਨਾ ਚਾਹੀਦਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਨੇ ਚੇਅਰਮੈਨ ਆਫ ਮੋਨਟਰਿੰਗ ਕਮੇਟੀ, ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਨੂੰ ਵਿਸ਼ਵਾਸ ਦਿਵਾਇਆ ਕਿ ਜ਼ਿਲਾ ਪ੍ਰਸ਼ਾਸਨ, ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸਿਰਤੋੜ ਯਤਨ ਕਰੇਗਾ ਅਤੇ ਮਾਣਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵਲੋ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ।

ਇਸ ਮੌਕੇ ਅਮਨਪ੍ਰੀਤ ਸਿੰਘ ਐਸ.ਡੀ.ਐਮ ਗੁਰਦਾਸਪੁਰ, ਰਾਮ ਸਿੰਘ ਐਸ.ਡੀ.ਐਮ ਬਟਾਲਾ, ਹਰਪ੍ਰੀਤ ਸਿੰਘ ਐਸ.ਡੀ.ਐਮ ਡੇਰਾ ਬਾਬਾ ਨਾਨਕ, ਗੁਰਪ੍ਰੀਤ ਸਿੰਘ ਐਸ.ਪੀ (ਹੈੱਡਕੁਆਟਰ ) ਬਟਾਲਾ, ਰਾਜੇਸ਼ ਕੁਮਾਰ ਐਕਸੀਅਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਵਿਨੋਦ ਕੁਮਾਰ ਐਸ.ਡੀ.ਓ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਜਿਲੇ ਦੀ ਸਾਰੀਆਂ ਨਗਰ ਕੌਂਲਸਾਂ ਦੇ ਈ.ਓ ਆਦਿ ਮੋਜੂਦ ਸਨ।

## ਅੱਜ ਸਵੇਰੇ 11 ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ

**ਗੁਰਦਾਸਪੁਰ/ਨਵਨੀਤ ਕੁਮਾਰ:-** ਅੱਜ ਜਾਰੀ ਪ੍ਰੈੱਸ ਨੋਟ ਰਾਹੀ ਉਪ ਮੰਡਲ ਅਫਸਰ (ਸ਼ਹਿਰੀ) ਇੰਜੀ: ਅਰੁਣ ਭਾਰਦਵਾਜ ਨੇ ਦੱਸਿਆ ਕਿ 11 ਕੇ.ਵੀ. ਤ੍ਰਿਮੋ ਰੋਡ ਫ਼ੀਡਰ ਅਧੀਨ ਆਉਂਦਾ ਏਰੀਆ ਦੀ ਅਤਿ ਜ਼ਰੂਰੀ ਮੁਰਮੰਤ ਕਾਰਨ ਅੱਜ ਵੀਰਵਾਰ ਨੂੰ ਬਿਜਲੀ ਸਪਲਾਈ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ । ਇਸ ਨਾਲ ਏਰੀਆ ਕ੍ਰਿਸ਼ਨਾ ਨਗਰ , ਗੋਪਾਲ ਨਗਰ ਦਾ ਕੁਝ ਏਰੀਆ , ਰਜਿੰਦਰਾ ਵਾਰਡਨ ਕਲੋਨੀ ਆਦਿ ਦਾ ਏਨੀਆਂ ਪ੍ਰਭਾਵਿਤ ਰਹੇਗਾ ।

## ਜ਼ਿਲੇ ਅੰਦਰ 454151 ਲੱਖ ਮੀਟਰਕ ਟਨ ਕਣਕ ਦੀ ਖਰੀਦ-ਕਿਸਾਨਾਂ ਨੂੰ .ਫਸਲ ਦੀ 90 ਫੀਸਦ ਕੀਤੀ ਅਦਾਇਗੀ

**ਗੁਰਦਾਸਪੁਰ/ਨਵਨੀਤ ਕੁਮਾਰ:-** ਜ਼ਿਲੇ ਅੰਦਰ ਕਣਕ ਦੀ ਖਰੀਦ, ਚੁਕਾਈ ਤੇ ਅਦਾਇਗੀ ਨਿਰਵਿਘਨ ਜਾਰੀ ਹੈ, ਜਿਸ ਤਹਿਤ ਜ਼ਿਲੇ ਵਿਚ 461068 ਮੀਟਰਕ ਟਨ (26 ਅਪ੍ਰੈਲ ਤਕ) ਕਣਕ ਦੀ ਆਮਦ ਹੋਈ ਸੀ , ਜਿਸ ਵਿਚੋਂ 454151 ਖਰੀਦ ਕਰ ਲਈ ਗਈ ਹੈ। ਪਨਗਰੇਨ ਵਲੋਂ 116171, ਮਾਰਕਫੈੱਡ ਵਲੋਂ 115788, ਪਨਸਪ ਵਲੋਂ 91890, ਵੇਅਰਹਾਊਸ ਵਲੋਂ 84621, ਐਫ.ਸੀ.ਆਈ ਵਲੋਂ 36534 ਤੇ ਟਰੇਡਰਜ਼ ਵਲੋਂ 9147 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਮੰਡੀਆਂ ਵਿਚ ਕਣਕ ਦੀ ਲਿਫਟਿੰਗ ਤੇਜ਼ੀ ਨਾਲ ਜਾਰੀ ਹੈ ਅਤੇ ਕਿਸਾਨਾਂ ਨੂੰ ਫਸਲ ਦੀ ਅਦਾਇਗੀ ਵੀ ਨਿਸ਼ਚਿਤ ਸਮੇਂ ਅੰਦਰ ਕੀਤੀ ਜਾ ਰਹੀ ਹੈ। ਉਨਾਂ ਦੱਸਿਆ ਕਿ ਕਿਸਾਨਾਂ ਨੂੰ 90 ਫੀਸਦ ਭਾਵ 744.13 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਜ਼ਿਲ੍ਹਾ ਫੂਡ ਸਪਲਾਈ ਤੇ ਕੰਟਰੋਲਰ ਸੁਖਜਿੰਦਰ ਸਿੰਘ ਜ਼ਿਲੇ ਅੰਦਰ ਕਣਕ ਦੀ ਖਰੀਦ ਪ੍ਰਕਿਰਿਆ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੰਡੀਆਂ ਵਿਚ ਕਣਕ ਦੀ ਖਰੀਦ ਤੇ ਚੁਕਾਈ ਨੂੰ ਨਾਲੋ-ਨਾਲ ਯਕੀਨੀ ਬਣਾਇਆ ਗਿਆ ਹੈ, ਫਸਲ ਦੀ ਅਦਾਇਗੀ ਨਿਸ਼ਚਿਤ ਸਮੇਂ ਅੰਦਰ ਕਰਨੀ ਯਕੀਨੀ ਬਣਾਈ ਗਈ ਹੈ ਤੇ ਮੰਡੀਆਂ ਵਿਚ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾ ਰਹੀ ਹੈ।

## ਸਨੌਰ ਬੰਨ੍ਹ ਵੇਲ ਦੇ ਰੋਡਵੇਜ ਦੇ ਕਰਮਚਾਰੀਆਂ ਨੇ ਪੀ ਆਰ ਟੀ ਸੀ ਦਾ ਮੁੱਖ ਗੇਟ ਬੰਦ ਕਰਕੇ ਸਰਕਾਰ ਦੇ ਖਿਲਾਫ ਕੀਤਾ ਪ੍ਰਦਰਸ਼ਨ

**ਪਟਿਆਲਾ/ਸਨੌਰ/ਇਕਬਾਲ ਸਿੰਘ:** ਰੋੜਵੇਜ ਬੱਸਾਂ ਵਿਚ ਕੰਮ ਕਰ ਰਹੇ ਕਰਮਚਾਰੀਆਂ ਵੱਲੋਂ ਪੰਜਾਬ ਸਰਕਾਰ ਦੇ ਖਿਲਾਫ ਪੀ ਆਰ ਟੀ ਸੀ ਦਾ ਮੁੱਖ ਗੇਟ ਬੰਦ ਕਰ ਪ੍ਰਦਰਸ਼ਨ ਕੀਤਾ ਗਿਆ ਇਸ ਮੌਕੇ ਤੇ ਗੱਲਬਾਤ ਕਰਦਿਆਂ ਕਰਮਚਾਰੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਬਰਦਸਤੀ ਹਫਤਿਆਂ ਦੇ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਕਰਕੇ ਉਹਨਾਂ ਵੱਲੋਂ ਰੋਸ ਪ੍ਰਗਟ ਕੀਤਾ ਗਿਆ ਉਨ੍ਹਾਂ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਸਰਕਾਰ ਦੁਆਰਾ ਦੁਰਲੱਭ ਪ੍ਰਦਰਸ਼ਨ ਕੀਤਾ ਜਾਵੇਗਾ। ਇਸੇ ਦੌਰਾਨ ਉਨ੍ਹਾਂ ਵੱਲੋਂ ਰੋਸ ਪ੍ਰਦਰਸ਼ਨ ਕਰਦਿਆਂ ਮੁਰਦਾਬਾਦ ਦੇ ਨਾਅਰੇ ਵੀ ਲਗਾਏ ਗਏ ਉਨ੍ਹਾਂ ਕਿਹਾ ਗਿਆ ਕਿ ਸਾਡੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ।

## ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਦਫਤਰ ਵਿਰੁੱਧ ਚੱਲ ਰਹੇ ਕਿਸਾਨ ਧਰਨੇ ਦੇ ਅੱਜ ਇੱਕ ਸੌ ਅੱਠ ਦਿਨ ਹੋਏ ਪੂਰੇ



**ਗੁਰਦਾਸਪੁਰ/ਨਵਨੀਤ ਕੁਮਾਰ**

ਨਗਰ ਸੁਧਾਰ ਟਰੱਸਟ ਗੁਰਦਾਸਪੁਰ ਸਕੀਮ ਨੰਬਰ ਸੱਤ ਦੇ ਪੀਡ ?ਤ ਕਿਸਾਨਾਂ ਦਾ ਧਰਨਾ ਅੱਜ ਇੱਕ ਸੌ ਅੱਠਵੇਂ ਦਿਨ ਵਿਚ ਦਾਖ਼ਲ ਹੋ ਗਿਆ ।ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਆਖਿਆ ਕਿ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਚੱਲ ਰਿਹਾ ਇਹ ਧਰਨਾ ਹੁਣ ਨਗਰ ਸੁਧਾਰ ਟਰੱਸਟ ਦਫਤਰ ਤੋਂ ਚੁੱਕ ਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫਤਰ ਸਾਹਮਣੇ ਲਿਆਂਦਾ ਗਿਆ ਹੈ ।ਇੱਥੇ ਇਹ ਇਸ ਕਰਕੇ ਲਿਆਂਦਾ ਗਿਆ ਹੈ ਕਿਉਂਕਿ ਸਾਰਾ ਪ੍ਰਬੰਧ ਚੇਅਰਮੈਨ ਕੋਲ ਨਹੀਂ ਡਿਪਟੀ ਕਮਿਸ਼ਨਰ ਉਨ੍ਹਾਂ ਦੇ ਕੋਲ ਹੈ ।ਉਨ੍ਹਾਂ ਕਿਹਾ ਕਿ ਇਹ ਆਸ ਕੀਤੀ ਜਾ ਰਹੀ ਹੈ ਕਿ ਡਿਪਟੀ ਕਮਿਸ਼ਨਰ ਸਾਹਿਬ ਜਲਦੀ ਹੀ ਇਸ ਦਾ ਨਿਪਟਾਰਾ ਕਰਨਗੇ ਤੇ ਕਿਸਾਨਾਂ ਨੂੰ ਸਾਰੀ ਸਾਰੀ ਅਦਾਇਗੀ ਦਾ ਭੁਗਤਾਨ ਕਰ ਦਿੱਤਾ ਜਾਵੇਗਾ ।ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਚੱਲ ਰਹੇ ਇਸ ਧਰਨੇ ਨੂੰ ਵੱਡੇ ਐਕਸ਼ਨ ਦੇ ਰੂਪ ਵਿੱਚ ਤਬਦੀਲ ਕਰਨਾ ਲਈ ਮਜਬੂਰ ਨਹੀਂ ਕੀਤਾ ਜਾਵੇਗਾ ।ਆਗੂਆਂ ਨੇ ਕਿਹਾ ਇਹ ਅਤਿਅੰਤ ਦੁਖੀ ਹੋ ਕੇ ਪੀਡ ?ਤ ਕਿਸਾਨ ਅਤਿਅੰਤ ਪਹਿਲਾਂ ਠੰਢ ਵਿੱਚ ਬੈਠੇ ਰਹੇ ਹਨ ਅਤੇ ਹੋਣਾ ਅਤਿ ਦੀ ਗਰਮੀ ਵਿਚ ਧਰਨੇ ਵਿੱਚ ਬੈਠੇ ਹੋਏ ਹਨ ।ਪ੍ਰੰਤੂ ਅੱਜ ਹੋਏ ਪ੍ਰਸ਼ਾਸਨ ਕਿਸਾਨਾਂ ਦੀ ਸਾਰ ਲੈਣ ਲਈ ਸਰਗਰਮ ਨਹੀਂ ਹੈ ।ਆਗੂਆਂ ਨੇ ਕਿਹਾ ਕਿ ਜੇ ਜਲਦੀ ਕੋਈ ਕਾਰਗੁਜ਼ਾਰੀ ਨਾਂਹ ਕੀਤੀ ਗਈ ਤਾਂ ਇਹ ਸਬੰਧੀ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਹੋਰਾਂ ਨਾਲ ਮੁਲਾਕਾਤ ਕੀਤੀ ਜਾਵੇਗੀ ।ਆਗੂਆਂ ਨੇ ਫਿਰ ਦ੍ਰਿੜ੍ਹ ਸੰਕਲਪ ਕੀਤਾ ਕਿ ਜਿੰਨਾ ਚਿਰ ਤੱਕ ਇਹ ਅਦਾਇਗੀ ਪੂਰੀ ਦੀ ਪੂਰੀ ਨਹੀਂ ਹੋ ਜਾਂਦੀ ਅਤੇ ਸਾਰੇ ਕਿਸਾਨ ਸੰਤੁਸ਼ਟ ਨਹੀਂ ਹੁੰਦੇ ਉਨ੍ਹਾਂ ਚਿੰਤਾ ਕਿ ਧਰਨਾ ਚੱਲਦਾ ਹੀ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਰੰਧਾਵਾ ,ਬਲਪ੍ਰੀਤ ਸਿੰਘ ਘੁਰਾਲਾ , ਭੋਲਾ ,ਪ੍ਰੇਮ ਮਸੀਹ ਸੋਨਾ ,ਜਸਵੰਤ ਸਿੰਘ ਪਹਾੜਾ,ਅਸ਼ਵਨੀ ਕੁਮਾਰ ਹੈੱਪੀ, ਪਲਵਿੰਦਰ ਸਿੰਘ ,ਧਰਮਵੀਰ ਆਲੇ ਚੱਕ,ਲਾਡੀ ਸ਼ਾਹ ਘੁਰਾਲਾ ,ਸੋਨਾ ਸ਼ਾਹ ਘੁਰਾਲਾ ,ਅਮਰਜੀਤ ਕੌਰ ,ਗੁਰਮੀਤ ਸਿੰਘ ਥਮਣ,ਗੁਰਮੀਤ ਸਿੰਘ , ਸੁਖਬੀਰ ਸਿੰਘ ਘੁਰਾਲਾ , ,ਸੁਰਜੀਤ ਕੁਮਾਰ , ਸੰਦੀਪ ਸਿੰਘ ਉਂਚਾ ਧਕਾਲਾ,ਕਾ. ਗੁਲਜਾਰ ਸਿੰਘ ,ਬਚਨ ਸਿੰਘ ਬੋਪਾਰਾਏ ,ਫੂਲ ਚੰਦ ,ਸ਼ਿਵਰਾਜ , ਸੁਖਦੇਵ ਬਿੱਟਾ ,ਇੰਦਰਪਾਲ ਸਿੰਘ ਕੋਠੇ ਆਦਿ ਵੀ ਹਾਜਰ ਸਨ।

# ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ

## ਔਰਤਾਂ ਲਈ 1 ਹਜ਼ਾਰ ਰੁਪਏ ਪੈਨਸ਼ਨ ਦੇ ਫਾਰਮ ਭਰਨ ਦੇ ਮਾਮਲੇ 'ਚ ਠੱਗੀ ਦਾ ਸ਼ਿਕਾਰ ਹੋਣ ਤੋਂ ਬਚਣ

**ਲੁਧਿਆਣਾ/ਸੁਖਚੈਨ ਮਹਿਰਾ, ਰਾਜੇਸ਼ ਕੁਮਾਰ**

ਹਲਕਾ ਲੁਧਿਆਣਾ (ਦੱਖਣੀ) ਤੋਂ ਵਿਧਾਇਕ ਸ੍ਰੀਮਤੀ ਰਜਿੰਦਰਪਾਲ ਕੌਰ ਛੀਨਾ ਵੱਲੋਂ ਅੱਜ ਜ਼ਿਲ੍ਹਾ ਵਾਸੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਔਰਤਾਂ ਲਈ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲਈ ਫਾਰਮ ਭਰਨ ਦੇ ਚੱਲ ਰਹੇ ਘੁਟਾਲੇ ਦਾ ਸ਼ਿਕਾਰ ਨਾ ਹੋਣ, ਜਿਸਦਾ ਐਲਾਨ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਵੱਲੋਂ ਕੀਤਾ ਗਿਆ ਹੈ।

ਅੱਜ ਜਾਰੀ ਆਪਣੇ ਪ੍ਰੈਸ ਬਿਆਨ ਵਿੱਚ ਵਿਧਾਇਕ ਸ੍ਰੀਮਤੀ ਛੀਨਾ ਨੇ ਕਿਹਾ ਕਿ ਕੁਝ ਸਵਾਰਥੀ ਹਿੱਤਾਂ ਵਾਲੇ ਲੋਕ ਆਪਣੇ ਨਿੱਜੀ ਦਫ਼ਤਰਾਂ ਵਿੱਚ ਜਾਅਲੀ ਕੈਂਪ ਲਗਾ ਕੇ ਇਲਾਕਾ ਨਿਵਾਸੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪਾਂ ਵਿੱਚ ਕੁਝ ਬੈਂਕ ਅਧਿਕਾਰੀ ਵੀ ਸ਼ਾਮਲ ਹੁੰਦੇ ਹਨ, ਜੋ ਕਿ ਸਰਾਸਰ ਗੈਰ-ਕਾਨੂੰਨੀ ਹੈ।



ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਲੁਧਿਆਣਾ (ਦੱਖਣੀ) ਹਲਕੇ ਦੇ ਮੇਨ ਸਤਿਗੁਰੂ ਨਗਰ ਖੇਤਰ ਦੀ ਜੀਤੋ ਮਾਰਕੀਟ ਵਿੱਚ ਇੱਕ ਨਿੱਜੀ ਦਫਤਰ ਵਿੱਚ ਲਗਾਏ ਜਾ ਰਹੇ ਅਜਿਹੇ ਇੱਕ @ਕੈਂਪ@ ਬਾਰੇ ਪਤਾ ਲੱਗਿਆ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਨੇ ਇਹ ਦਾਅਵਾ ਕਰਕੇ ਔਰਤਾਂ ਨੂੰ ਗੁੰਮਰਾਹ ਕੀਤਾ ਹੈ ਕਿ ਅੱਜ ਉਨ੍ਹਾਂ ਦੇ ਦਫ਼ਤਰ ਵਿੱਚ ਫਾਰਮ ਭਰਨ ਵਾਲੇ ਹੀ 1000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਹੱਕਦਾਰ ਹੋਣਗੇ।

ਉਨ੍ਹਾਂ ਕਿਹਾ ਕਿ @ਇਹ ਪ੍ਰਬੰਧਕਾਂ ਦੀ ਤਰਫੋਂ ਪੂਰੀ ਤਰ੍ਹਾਂ ਗਲਤ ਅਤੇ ਗੈਰ-ਕਾਨੂੰਨੀ ਕੰਮ ਹੈ ਅਤੇ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਕਿਉਂਕਿ ਮੈਨੂੰ ਪਹਿਲਾਂ ਵੀ ਅਜਿਹੀਆਂ ਸ਼ਿਕਾਇਤਾਂ ਮਿਲਦੀਆਂ ਰਹੀਆਂ ਹਨ@। ਉਨ੍ਹਾਂ ਅੱਗੇ ਕਿਹਾ ਕਿ ਅੱਜ ਜਦੋਂ ਇਸ ਗੈਰ-ਕਾਨੂੰਨੀ @ਕੈਂਪ@ ਸਬੰਧੀ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਤਾਂ ਇਸ ਜਾਅਲੀ ਕੈਂਪ ਸਬੰਧੀ ਉਨ੍ਹਾਂ ਪੁਲਿਸ ਕੋਲ ਸ਼ਿਕਾਇਤ ਵੀ ਦਰਜ਼ ਕਰਵਾਈ। ਵਿਧਾਇਕ ਛੀਨਾ ਤੁਰੰਤ ਮੌਕੇ @ਤੇ ਪੁੱਜੇ ਅਤੇ ਉਥੇ ਮੌਜੂਦ ਲੋਕਾਂ ਨੂੰ ਇਸ ਗੈਰ ਕਾਨੂੰਨੀ ਕੈਂਪ ਬਾਰੇ ਚਾਨਣਾ ਪਾਇਆ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸਬੰਧੀ ਸਰਕਾਰੀ ਕੈਂਪ ਸਿਰਫ਼ ਚੁਣੇ ਹੋਏ ਵਿਧਾਇਕਾਂ ਦੀ ਹਾਜ਼ਰੀ ਵਿੱਚ ਜਨਤਕ ਥਾਵਾਂ @ਤੇ ਹੀ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਜਦੋਂ ਵੀ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਹ ਸਕੀਮ ਸ਼ੁਰੂ ਕਰੇਗੀ ਤਾਂ ਸਾਰੇ ਯੋਗ ਲਾਭਪਾਤਰੀਆਂ ਨੂੰ ਇਹ ਪੈਨਸ਼ਨ ਮਿਲਣੀ ਸ਼ੁਰੂ ਹੋ ਜਾਵੇਗੀ।

ਇਸ ਮੌਕੇ ਜਗਦੇਵ ਧੁੰਨਾ, ਜਤਿੰਦਰ ਸ਼ਿੰਦਾ, ਹਰਵਿੰਦਰ ਪਨੇਸਰ, ਇੰਦਰਜੀਤ ਵਰਮਾ, ਰਿਪਨ ਗਰਚਾ, ਮੁਨੀਸ਼ ਟਿੰਕੂ, ਬਲਜੀਤ ਸਿੰਘ, ਗੌਰਵ ਸਿੰਘ, ਵਿਨੋਦ, ਸਿਮਰਨਜੀਤ ਸਿੰਘ, ਗੁਰਵਿੰਦਰ ਸਿੰਘ, ਰੋਹਿਤ, ਸਚਿਨ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

**- ਕਿਹਾ ! ਕੁਝ ਸਵਾਰਥੀ ਲੋਕ ਆਪਣੇ ਨਿੱਜੀ ਸਥਾਂਨਾਂ 'ਤੇ ਜਾਅਲੀ ਕੈਂਪ ਲਗਾ ਕੇ ਇਲਾਕਾ ਵਾਸੀਆਂ ਦੀਆਂ ਭਾਵਨਾਵਾਂ ਨਾਲ ਕਰ ਰਹੇ ਖਿਲਵਾੜ**
**- ਅੱਜ ਜਾਅਲੀ ਕੈਂਪ ਦਾ ਮਾਮਲਾ ਧਿਆਨ 'ਚ ਆਉਣ 'ਤੇ ਪੁਲਿਸ ਸ਼ਿਕਾਇਤ ਵੀ ਦਰਜ ਕਰਵਾਈ**
**- ਵਸਨੀਕ ਨੂੰ ਸੁਚੇਤ ਕਰਦਿਆਂ ਕਿਹਾ, ਸਰਕਾਰੀ ਕੈਂਪ ਚੁਣੇ ਹੋਏ ਵਿਧਾਇਕਾਂ ਦੀ ਹਾਜ਼ਰੀ 'ਚ ਜਨਤਕ ਥਾਵਾਂ 'ਤੇ ਹੀ ਲਗਾਏ ਜਾਣਗੇ - ਵਿਧਾਇਕ ਛੀਨਾ**

# ਡਿਪਟੀ ਕਮਿਸ਼ਨਰ ਸੁਰਭੀ ਮਲਿਕ ਅਤੇ ਏ.ਡੀ.ਸੀ. (ਵਿਕਾਸ) ਅਮਿਤ ਕੁਮਾਰ ਪੰਚਾਲ ਵੱਲੋਂ ਸੁਕੈਸ਼ ਸੀਜਨ ਦਾ ਕੀਤਾ ਅਗਾਜ਼



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀਮਤੀ ਸੁਰਭੀ ਮਲਿਕ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ ਵੱਲੋਂ ਸੁਕੈਸ਼ ਸੀਜਨ ਦਾ ਅਗਾਜ਼ ਕੀਤਾ ਗਿਆ। ਇਸ ਮੌਕੇ ਡਾ. ਬਲਕਾਰ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ, ਲੁਧਿਆਣਾ ਅਤੇ ਡਾ: ਜਸਪ੍ਰੀਤ ਕੌਰ ਗਿੱਲ ਸਿੱਧੂ ਬਾਗਬਾਨੀ ਵਿਕਾਸ ਅਫਸਰ, ਲੁਧਿਆਣਾ-2 ਵਿਸ਼ੇਸ਼ ਤੌਰ @ਤੇ ਹਾਜ਼ਰ ਸਨ।ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀਮਤੀ ਸੁਰਭੀ ਮਲਿਕ ਨੇ ਦੱਸਿਆ ਕਿ ਬਾਗਬਾਨੀ ਵਿਭਾਗ, ਪੰਜਾਬ ਨਾ ਸਿਰਫ ਕਿਸਾਨਾਂ ਨੂੰ ਰਿਵਾਇਤੀ ਫਸਲਾਂ ਤੋਂ ਹਟਾ ਕੇ ਬਾਗਬਾਨੀ ਫਸਲ੍ਹਾਂ ਦੀ ਕਾਸ਼ਤ ਕਰਨ ਲਈ ਪ੍ਰੇਰਿਤ ਕਰ ਰਿਹਾ ਹੈ, ਸਗੋਂ ਰਾਜ ਦੇ ਕਿਸਾਨਾਂ ਅਤੇ ਆਮ ਲੋਕਾਂ ਦੀ ਚੰਗੀ ਸਿਹਤ ਅਤੇ ਤੰਦਰੁਸਤੀ ਲਈ ਵੀ ਭਰਪੂਰ ਉਪਰਾਲੇ ਕਰ ਰਿਹਾ ਹੈ। ਵਿਭਾਗ ਲੋਕਾਂ ਦੀ ਚੰਗੀ ਤੇ ਤੰਦਰੁਸਤ ਸਿਹਤ ਲਈ ਵੱਖ-ਵੱਖ ਫਲ੍ਹਾਂ ਤੋਂ ਤਿਆਰ ਕੀਤੇ ਸੁਕੈਸ਼, ਅਚਾਰ, ਚਟਨੀਆਂ, ਜੈਮ, ਮੁਰੱਬੇ ਅਦਿ ਤਿਆਰ ਕਰਕੇ ਬਿਨਾ ਕਿਸੇ ਲਾਭ/ਹਾਨੀ ਦੇ ਅਧਾਰ ਤੇ ਸਪਲਾਈ ਕਰ ਰਿਹਾ ਹੈ। ਦਫਤਰ ਡਿਪਟੀ ਡਾਇੇਕਟਰ ਬਾਗਬਾਨੀ, ਲੁਧਿਆਣਾ ਵਿੱਚ ਸਰਕਾਰੀ ਫਲ੍ਹ ਸੁਰੱਖਿਆ ਲੈਬ ਵਿੱਚ ਤਿਆਰ ਕੀਤੀ ਗਈ ਅੰਬ, ਲੀਚੀ, ਨਿੰਬੂ, ਸੰਤਰਾ, ਪਾਇਨ-ਐਪਲ ਅਤੇ ਬਿਲ ਆਦਿ ਦੀ ਸੁਕੈਸ਼ ਦੀ ਪੂਰੇ ਰਾਜ ਵਿੱਚ ਭਾਰੀ ਮੰਗ ਹੈ, ਜਿਥੇ ਲੁਧਿਆਣਾ ਵਾਸੀਆਂ ਵੱਲੋਂ ਇਸ ਸੁਕੈਸ਼ ਦੇ ਸੀਜਨ ਦੀ ਉਡੀਕ ਕੀਤੀ ਜਾਂਦੀ ਹੈ ਉਥੇ ਵੱਖ-ਵੱਖ ਜਿਲਿਆਂ ਹੁਸ਼ਿਆਰਪੁਰ, ਗੁਰਦਾਸਪੁਰ, ਅਮ੍ਰਿਤਸਰ ਸਾਹਿਬ, ਤਰਨਤਾਰਨ, ਫਰੀਦਕੋਟ, ਫਿਰੋਜਪੁਰ ਅਤੇ ਮੋਗਾ ਆਦਿ ਜਿਲ੍ਹਿਆਂ ਵੱਲੋਂ ਸੁਕੈਸ਼ ਦੀ ਕੀਤੀ ਭਾਰੀ ਮੰਗ ਨੂੰ ਵੇਖਦੇ ਹੋਏ ਸਪਲਾਈ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀਮਤੀ ਸੁਰਭੀ ਮਲਿਕ ਨੇ ਦੱਸਿਆ ਕਿ ਲੈਬ ਵਿੱਚ ਫਲ੍ਹ ਪਦਾਰਥ ਤਿਆਰ ਕਰਨ ਸਮੇਂ ਸਾਫ ਸਫਾਈ ਦੇ ਪੂਰੇ ਪ੍ਰਬੰਧ ਹਨ। ਉਹਨਾਂ ਦੱਸਿਆ ਕਿ ਉਕਤ ਫਲ੍ਹ ਪਦਾਰਥਾਂ ਵਿੱਚ ਕਿਸੇ ਵੀ ਕਿਸਮ ਦੀ ਕੈਮੀਕਲ ਜਿਸ ਨਾਲ ਸਿਹਤ ਨੂੰ ਨੁਕਸਾਨ ਹੋਵੇ, ਨਹੀ ਵਰਤਿਆ ਜਾਂਦਾ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਲੋਡ ਡਰਿੰਕਾਂ ਦੀ ਥਾਂ ਤੇ ਵੱਧ ਤੋਂ ਵੱਧ ਸੁਕੈਸ਼ ਦੀ ਵਰਤੋ ਕਰਨ, ਜੋ ਕਿ ਨਾ ਸਿਰਫ ਚੰਗੀ ਅਤੇ ਨਿਰੋਈ ਸਿਹਤ ਲਈ ਫਾਇਦੇਮੰਦ ਹੈ ਸਗੋਂ ਕਲੋਡ ਡਰਿੰਕ ਨਾਲੋਂ ਸਸਤੀ ਵੀ ਪੈਂਦੀ ਹੈ।

# ਡਾਕਟਰ ਧਰਮਵੀਰ ਗਾਂਧੀ ਸਾਬਕਾ ਐਮ ਪੀ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਅਤੇ ਦਿੱਲੀ ਸਰਕਾਰ ਦੇ ਸਮਝੌਤੇ ਨੂੰ ਲੈ ਕੇ ਦਿੱਤਾ ਵੱਡਾ ਬਿਆਨ

**ਪਟਿਆਲਾ/ਇਕਬਾਲ ਸਿੰਘ**

ਡਾਕਟਰ ਧਰਮਵੀਰ ਗਾਂਧੀ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਅਤੇ ਦਿੱਲੀ ਸਰਕਾਰ ਦੇ ਸਮਝੌਤੇ ਨੂੰ ਲੈ ਕੇ ਕਿਹਾ ਕਿ ਕੇ ਰਿਪੋਰਟ ਪੇਸ਼ ਕੀਤੀ ਜਾਵੇ ਕੇ ਹਰ ਇਕ ਅਮੀਰ ਅਤੇ ਗਰੀਬ ਦਾ ਬੱਚਾ ਸਰਕਾਰੀ ਸਕੂਲ ਵਿੱਚ ਪੜ੍ਹਦਾ ਹੈ ਕਿ ਉਨ੍ਹਾਂ ਨੂੰ ਇਕ ਤਰ੍ਹਾਂ ਦੀ ਵਿੱਦਿਆ ਪ੍ਰਦਾਨ ਕੀਤੀ ਜਾ ਰਹੀ ਹੈ। ਉਹਨਾਂ ਵੱਲੋਂ ਕਿਹਾ ਗਿਆ ਕਿ ਪੰਜਾਬ ਦੀ ਵਿੱਦਿਆ ਅਤੇ ਪੰਜਾਬ ਦਾ ਸਲੇਬਸ ਦਿੱਲੀ ਦੀ ਵਿੱਦਿਆ ਵਿੱਚ ਬਹੁਤ ਫਰਕ ਹੈ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਸੱਭਿਆਚਾਰ ਨਾਲ ਜੋੜਨਾ, ਵਿੱਦਿਆ ਨਾਲ ਜੋੜਨਾ, ਵਿਰਸੇ ਵਿਰਾਸਤ ਨਾਲ ਜੋੜਨਾ ਇਹ ਇੱਕ ਪੰਜਾਬੀ ਸਕੌਲੌਜਿਸ ਦਾ ਕੰਮ ਹੈ। ਉਹਨਾਂ ਨੇ ਕਿਹਾ ਕਿ ਦਿੱਲੀ ਵਾਲੇ ਇੱਥੇ ਆ ਕੇ ਕੀ ਕਰਨਗੇ। ਸਾਡੀ ਭਾਸ਼ਾ ਅਲੱਗ ਹੈ। ਸਾਡੀ ਪੰਜਾਬੀ ਕੌਮ ਹੈ। ਸਾਡਾ ਪਹਿਰਾਵਾ ਅੱਲਗ ਹੈ। ਸਾਡੀ ਬਣਤਰ ਅਲੱਗ ਹੈ। ਸਾਡੀਆਂ ਰਿਟਾਇਰਮੈਂਟਸ ਬਹੁਤ ਅਲੱਗ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਇਹ ਗੱਲਤੀ ਨਹੀਂ ਕਰਨੀ ਚਾਹੀਦੀ । ਡਾਕਟਰ ਧਰਮਵੀਰ ਗਾਂਧੀ ਵੱਲੋਂ ਗੱਲਬਾਤ ਕਰਦਿਆਂ ਕਿਹਾ ਗਿਆ ਕਿ ਆਪਣੇ ਦੇਸ਼ ਵਿੱਚ ਜਿਹੜੇ ਮਾਹਿਰ ਹਨ ਚਾਹੇ ਉਹ ਖੇਤੀ ਦੇ ਚਾਹੇ ਉਹ ਡਾਕਟਰੀ ਦੇ ਚਾਹੇ ਉਹ ਸਿਹਤ ਦੇ ਮਾਹਿਰ ਹਨ ਉਨ੍ਹਾਂ ਦੀਆਂ ਸੇਵਾਵਾਂ ਲੈ ਕੇ ਪਹਿਲਾਂ ਹੀ ਮੂਲਪੂਤ ਢਾਂਚਾ ਅਵੇਲੇਵਲ ਹੈ। ਏਥੇ ਚਾਹੇ ਤਾਂ ਸਰਕਾਰੀ ਸਕੂਲਾਂ ਦੀ ਗੱਲਬਾਤ ਕਰ ਲਓ ਚਾਹੇ ਪ੍ਰਾਈਵੇਟ ਸਕੂਲਾਂ ਦੀ ਸਰਕਾਰੀ ਹਸਪਤਾਲ ਇਸ ਢਾਂਚੇ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ ਨਾ ਕੇ ਦਿੱਲੀ ਤੋਂ ਲਿਆ ਕੇ ਜਾਲੀ ਮਹੱਲਾ ਇਕੱਠਾ ਕਰਨ ਦੀ ਜ਼ਰੂਰਤ ਹੈ। ਸਰਕਾਰ ਨੂੰ ਵਾਰਨਿੰਗ ਦਿੰਦਾ ਹਾਂ ਕਿ ਜਿਨ੍ਹਾਂ ਨੇ ਇਸ ਪਾਸੇ ਪੰਗਾ ਲਿਆ ਉਹ ਹਰ ਇੱਕ ਚੀਜ਼ ਦੀ ਤਬਾਹੀ ਕਰਨ ਗਏ ਸਾਧਨਾ ਸਰੋਤਾ ਅਤੇ ਮਨੁੱਖੀ ਸਰੋਤ ਦੀ ਤਬਾਹੀ ਕਰਨਗੇ ਉਹਨਾਂ ਵੱਲੋਂ ਕਿਹਾ ਗਿਆ ਕਿ ਅਸੀਂ ਮੀਟਿੰਗ ਕਰ ਦਿੱਤੀ ਹੈ ਅਤੇ ਸਰਕਾਰ ਨੂੰ ਕਹਾਂਗੇ ਕਿ ਇਹ ਸਭ ਬੰਦ ਕੀਤਾ ਜਾਵੇ । ਦਿੱਲੀ ਪਿੱਛੇ ਲੱਗ ਕੇ ਸਾਡੇ ਪੰਜਾਬ ਦਾ ਢਾਂਚਾ ਤਹਿਸ-ਨਹਿਸ ਨਾ ਕੀਤਾ ਜਾਵੇ ਦਿੱਲੀ ਅਤੇ ਸਾਡੀਆਂ ਰਿਟਾਇਰਮੈਂਟ ਬਹੁਤ ਅਲੱਗ ਅਲੱਗ ਹਨ। ਸਾਡੀ ਪਲੈਨਿੰਗ ਅਲੱਗ ਹੈ। ਡਾਕਟਰ ਧਰਮਵੀਰ ਗਾਂਧੀ ਵੱਲੋਂ ਦੱਸਿਆ ਗਿਆ ਕਿ ਪੰਜਾਬ ਦੀਆਂ ਜ਼ਰੂਰਤਾਂ ਦੇਖਣੀਆਂ ਚਾਹੀਦੀਆਂ ਹਨ। ਪੰਜਾਬ ਨੇ ਕੀ ਕਰਨਾ ਹੈ ਇਹ ਦੇਖਣਾ ਚਾਹੀਦਾ ਹੈ। ਉਹਨਾਂ ਵੱਲੋਂ ਕਿਹਾ ਗਿਆ ਕਿ ਦਿੱਲੀ ਇਕ ਮਿਉਂਸੀਪਲ ਕਮੇਟੀ ਹੈ ਜਿਨ੍ਹਾਂ ਦਾ ਕੋਈ ਖਰਚਾ ਨਹੀਂ ਹੈ ਨਾ ਹੀ ਕੋਈ ਐਗਰੀਕਲਚਰ ਖਰਚਾ ਹੈ। ਦੂਸਰੇ ਪਾਸੇ ਉਨ੍ਹਾਂ ਨੇ ਕਿਹਾ ਕਿ 10000 ਸਾਡੀ ਸਬਸਿਡੀ ਹੈ ਦਿੱਲੀ ਸਾਡਾ ਕੀ ਮੁਕਾਬਲਾ ਕਰ ਸਕਦੀ ਹੈ। ਯਾ ਅਸੀਂ ਦਿੱਲੀ ਦਾ ਕੀ ਮੁਕਾਬਲਾ ਕਰ ਲਵਾਂਗੇ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਦਾ ਪੈਸਾ ਦਿੱਲੀ ਵਿੱਚ ਇਕੱਠਾ ਹੁੰਦਾ ਹੈ ਜਦ ਕਿ ਸਾਡੀ ਸਟੇਟ ਇੱਕ ਕਰਜੇ ਵਾਲੀ ਸਟੇਟ ਹੈ। ਆਮ ਆਦਮੀ ਪਾਰਟੀ ਨੂੰ ਦੇਖਣਾ ਚਾਹੀਦਾ ਹੈ ਕਿ ਦੋਨੋਂ ਸਟੇਟਸ ਦੇ ਵਿਚ ਬਹੁਤ ਵੱਡਾ ਫਰਕ ਹੈ ਅਸੀ ਅਪੀਲ ਕਰਦੇ ਹਾ ਕਿ ਇਸ ਨੂੰ ਸੁਧਾਰਿਆ ਜਾਵੇ।

# ਪਟਿਆਲਾ ਪੁਲਿਸ ਦੀ ਵੱਡੀ ਕਾਰਵਾਈ ਦੋ ਦੋਸ਼ੀਆਂ ਕੋਲੋਂ ਪੰਜ ਕਿੱਲੋ ਅਫ਼ੀਮ ਕੀਤੀ ਬਰਾਮਦ



**ਪਟਿਆਲਾ/ਇਕਬਾਲ ਸਿੰਘ**

ਪੁਲੀਸ ਲਾਈਨ ਵਿਖੇ ਐਸਪੀ ਡੀ ਮਿਹਤਾਬ ਸਿੰਘ ਵੱਲੋਂ ਇਕ ਪ੍ਰੈੱਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਦੱਸਿਆ ਗਿਆ ਕਿ ਐੱਸਐੱਸਪੀ ਨਾਨਕ ਸਿੰਘ ਵੱਲੋਂ ਚਲਾਈ ਗਈ ਮੁਹਿੰਮ ਤਹਿਤ ਨਸ਼ਿਆਂ ਦੇ ਖਿਲਾਫ਼ ਵਿੱਢੀ ਮੁਹਿੰਮ ਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਦੀ ਸ਼ਨਾਖਤ ਧਰਮਪਾਲ ਸ਼ਰਮਾ ਪੁੱਤਰ ਲੇਟ ਦੇਵਰਾਜ ਪਿੰਡ ਚਮਾਰਹੇੜੀ ਥਾਣਾ ਸਦਰ ਪਟਿਆਲਾ ਦੱਸੀ ਜਾ ਰਹੀ ਹੈ ਅਤੇ ਦੂਸਰਾ ਦੋਸ਼ੀ ਬਲਬੀਰ ਸਿੰਘ ਉਰਫ ਭੂੰਡੀ ਪੁੱਤਰ ਲੇਟ ਪਿਆਰਾ ਸਿੰਘ ਵਾਸੀ ਮਕਾਨ ਨੰਬਰ ਇੱਕ ਸੌ ਸਨਤਾਲੀ ਕੋਲ ਨੰਬਰ ਚਾਰ ਮੁਹੱਲਾ ਬੇਗਮਪੁਰਾ ਜ਼ਿਲ੍ਹਾ ਨਵਾਂਸ਼ਹਿਰ ਦੱਸਿਆ ਜਾ ਰਿਹਾ ਹੈ ਇਨ੍ਹਾਂ ਨੂੰ ਗਿ?ਫ਼ਤਾਰ ਕਰਕੇ ਇਨ੍ਹਾਂ ਕੋਲੋਂ ਪੰਜ ਕਿਲੋ ਅਫੀਮ ਬਰਾਮਦ ਕੀਤੀ ਗਈ ਇਨ੍ਹਾਂ ਉਪਰ ਮੁਕੱਦਮਾ ਨੰਬਰ ਇਕਵੰਜਾ ਤਰੀਕ ਸਤਾਈ ਅਪ੍ਰੈਲ ਦੋ ਹਜਾਰ ਬਾਈ ਨੂੰ ਐੱਨਡੀਪੀਐੱਸ ਐਕਟ ਧਾਰਾ ਅਨਾਜ ਮੰਡੀ ਪਟਿਆਲਾ ਵਿੱਚ ਦਰਜ ਕੀਤਾ ਗਿਆ ਹੈ ਜਿਸ ਦੀ ਜਾਣਕਾਰੀ ਦਿੰਦੇ ਹੋਏ ਐੱਸਪੀਡੀ ਮਹਿਤਾਬ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੂਰੇ ਪਟਿਆਲਾ ਵਿਚ ਕਿਸੇ ਵੀ ਥਾਂ ਤੇ ਨਸ਼ੇ ਦੀ ਕੋਈ ਖ਼ਬਰ ਮਿਲਦੀ ਹੈ ਤਾਂ ਅਸੀਂ ਤੁਰਨ ਤੋਂ ਉਪਰ ਐਕਸ਼ਨ ਕਰਾਂਗੇ ਨਸ਼ਾ ਨਹੀਂ ਰਹੇਗਾ।

## ਪਟਿਆਲਾ ਰੋਡ ਉਤੇ ਸਥਿਤ ਭਾਖੜਾ ਨਵਾਣਾ ਨਹਿਰ ਵਿਚ ਇਕ ਵਿਅਕਤੀ ਨੇ ਛਾਲ ਮਾਰ ਕੇ ਖੁਦਕੁਸ਼ੀ ਕਰਨ ਦੀ ਕੀਤੀ ਕੋਸ਼ਿਸ਼ ਗੋਤਾਖੋਰਾਂ ਨੇ ਬਚਾਈ ਜਾਨ

**ਪਟਿਆਲਾ/ਰਾਜਪੁਰਾ/ਇਕਬਾਲ ਸਿੰਘ**

ਰਾਜਪੁਰਾ ਪਟਿਆਲਾ ਰੋਡ ਉਤੇ ਸਥਿਤ ਭਾਖੜਾ ਨਹਿਰ ਵਿੱਚ ਅੱਜ ਇਕ ਨੌਜਵਾਨ ਵੱਲੋਂ ਖ਼ੁਦਕੁਸ਼ੀ ਕਰਨ ਦੀ ਕੀਤੀ ਗਈ ਕੋਸ਼ਿਸ਼ ਮੌਕੇ ਤੇ ਮੌਜੂਦ ਗੋਤਾਖੋਰਾਂ ਨੇ ਬਚਾਈ ਵਿਅਕਤੀ ਦੀ ਜਾਨ। ਬੀਤੇ ਦਿਨ ਸ਼ਹਿਰ ਰਾਜਪੁਰਾ ਤੋਂ ਪਟਿਆਲਾ ਨੂੰ ਜਾਂਦੇ ਮੁੱਖ ਸੜਕ ਉਤੇ ਸਥਿਤ ਪਿੰਡ ਖੇੜੀ ਗੰਡਿਆਂ ਦੇ ਨਜ਼ਦੀਕ ਤੋਂ ਨਿਕਲਦੀ ਭਾਖੜਾ ਨਿਰਵਾਣਾ ਬ੍ਰਾਂਚ ਨਹਿਰ ਦੇ ਵਿਚ ਇਕ ਨੌਜਵਾਨ ਵੱਲੋਂ ਛਲਾਂਗ ਲਗਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਮੌਕੇ ਤੇ ਮੌਜੂਦ ਗੋਤਾਖੋਰਾਂ ਵੱਲੋਂ ਵਾਮਸੱਕਤ ਉਸ ਨੌਜਵਾਨ ਨੂੰ ਨਹਿਰ ਵਿਚੋਂ ਬਾਹਰ ਉਸ ਦੀ ਜਾਨ ਬਚਾਈ ਗਈ ਅਤੇ ਬਾਅਦ ਵਿੱਚ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੂੰ ਉਸਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਗਿਆ। ਉਸ ਸਮੇਂ ਨੌਜਵਾਨ ਦੀ ਜਾਨ ਬਚਾਉਣ ਵਾਲੇ ਗੋਤਾਖੋਰ ਰਾਜੀਵ ਕੁਮਾਰ ਕਹਾ ਹੈ ਕਿ ਇਸ ਵਿਅਕਤੀ ਨੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਐਨ ਮੌਕੇ ਅਸੀਂ ਇਸ ਵਿਅਕਤੀ ਨੂੰ ਦੇਖ ਲਿਆ ਅਤੇ ਇਸ ਨੂੰ ਬਚਾ ਲਿਆ ਗਿਆ।

# ਭਗਵੰਤ ਮਾਨ ਵੱਲੋਂ ਦਿੱਲੀ ਮਾਡਲ ਦੇ ਆਧਾਰ ’ਤੇ ਇਕ-ਇਕ ਸਰਕਾਰੀ ਸਕੂਲ ਅਤੇ ਮੁਹੱਲਾ ਕਲੀਨਿਕ ਸਥਾਪਤ ਕਰਨ ਦਾ ਫ਼ੈਸਲਾ ਸ਼ਲਾਘਾਯੋਗ ਲਾਡੀ ਢੋਸ

**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪੰਜਾਬ ਦੇ ਸਿਹਤ, ਸਿੱਖਿਆ ਅਤੇ ਹੋਰ ਪ੍ਰਮੁੱਖ ਖੇਤਰਾਂ ਦੀ ਕਾਇਆਕਲਪ ਕਰਨ ਦੇ ਮਨੋਰਥ ਨਾਲ ਨਿਵੇਕਲੀ ਪਹਿਲਕਦਮੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਵਿਚ ਉਨ੍ਹਾਂ ਦੇ ਹਮਰੁਤਬਾ ਅਰਵਿੰਦ ਕੇਜਰੀਵਾਲ ਨੇ ਦੋਵਾਂ ਸੂਬਿਆਂ ਵੱਲੋਂ ਗਿਆਨ ਦੇ ਆਦਾਨ-ਪ੍ਰਦਾਨ ਲਈ ਸਮਝੌਤਾ (ਨਾਲੇਜ ਸ਼ੇਅਰਿੰਗ ਐਗਰੀਮੈਂਟ) ਸਹੀਬੱਧ ਕੀਤਾ।ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ

ਗੱਲਬਾਤ ਕਰਦੇ ਦਸਿਆ ਕਿ ਇਸ ਸਮਝੌਤੇ ਨੂੰ ਅਨੋਖੀ ਕਿਸਮ ਦੀ ਪਹਿਲ ਹੈ ਜਿਸ ਨਾਲ ਦੋਵਾਂ ਸੂਬਿਆਂ ਦੇ ਲੋਕਾਂ ਦੀ ਭਲਾਈ ਅਤੇ ਤਰੱਕੀ ਨੂੰ ਯਕੀਨੀ ਬਣਾਉਣ ਲਈ ਉਸਾਰੂ ਤੇ ਮਿਸਾਲੀ ਕਦਮ ਕਰਾਰ ਚੁੱਕੇ ਜਾਣਗੇ। ਇਸ ਸਮਝੌਤੇ ਦਾ ਉਦੇਸ਼ ਦੋਵਾਂ ਸੂਬਿਆਂ ਵੱਲੋਂ ਲੋਕ ਭਲਾਈ ਲਈ ਇਕ-ਦੂਜੇ ਦਾ ਸਹਿਯੋਗ ਕਰਨ ਵਾਸਤੇ ਗਿਆਨ ਦਾ ਆਦਾਨ-ਪ੍ਰਦਾਨ ਕਰਨਾ ਹੈ। ਇਹ ਸਮਝੌਤਾ ਦੋਵਾਂ ਸਰਕਾਰ ਨੂੰ ਗਿਆਨ, ਤਜਰਬਾ ਤੇ ਮੁਹਾਰਤ ਆਪਸ ਵਿਚ ਸਾਂਝਾ ਕਰਨ ਦੇ ਯੋਗ ਬਣਾਏਗਾ। ਇਸ ਦੇ ਤਹਿਤ ਦੋਵੇਂ ਸਰਕਾਰਾਂ ਲੋਕਾਂ ਦੀ ਭਲਾਈ ਲਈ ਜਾਣਕਾਰੀ ਹਾਸਲ ਕਰਨ ਵਾਸਤੇ ਮੰਤਰੀਆਂ, ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਇਕ-ਦੂਜੇ ਦੇ ਸੂਬਿਆਂ ਵਿਚ ਭੇਜਿਆ ਕਰਨਗੀਆਂ।

ਸੂਬੇ ਵਿਚ ਦਿੱਲੀ ਮਾਡਲ ਦੇ ਆਧਾਰ ਉਤੇ 117 ਸਰਕਾਰੀ ਸਕੂਲ ਅਤੇ 117 ਮੁਹੱਲਾ ਕਲੀਨਿਕ ਸਥਾਪਤ ਕਰਨ ਦਾ ਐਲਾਨ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਸ਼ੁਰੂਆਤ ਵਜੋਂ ਸੂਬੇ ਦੇ 117 ਵਿਧਾਨ ਸਭਾ ਹਲਕਿਆਂ ਵਿਚ ਇਕ-ਇਕ ਸਰਕਾਰੀ ਸਕੂਲ ਅਤੇ ਮੁਹੱਲਾ ਕਲੀਨਿਕ ਸਥਾਪਤ ਕਰੇਗੀ ਤਾਂ ਕਿ ਲੋਕਾਂ ਨੂੰ ਉਚ ਪੱਧਰ ਦੀ ਸਿੱਖਿਆ ਅਤੇ ਮਿਆਰੀ ਸਿਹਤ ਸੇਵਾਵਾਂ ਹਾਸਲ ਹੋ ਸਕਣ। ਉਹਨਾਂ



ਦਸਿਆ ਕਿ ਦਿੱਲੀ ਸਰਕਾਰ ਨੇ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਵਿਸ਼ਵ ਪੱਧਰ ਦਾ ਮਾਡਲ ਲਾਗੂ ਕੀਤਾ ਹੈ ਅਤੇ ਪੰਜਾਬ ਸਰਕਾਰ ਇਸ ਮਾਡਲ ਨੂੰ ਆਪਣੇ ਸੂਬੇ ਵਿਚ ਲਾਗੂ ਕਰਨ ਲਈ ਇਹ ਸਮਝੌਤਾ ਕਰਨ ਕੀਤਾ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕਿਹਾ ਕਿ ਜਿੱਥੋਂ ਵੀ ਜੋ ਕੁਝ ਚੰਗਾ ਸਿੱਖਣ ਨੂੰ ਮਿਲੇ, ਉਸ ਨੂੰ ਗ੍ਰਹਿਣ ਕਰ ਲੈਣਾ ਚਾਹੀਦਾ ਹੈ। ਦਿੱਲੀ ਸਰਕਾਰ ਨੇ ਸੇਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਕੁੱਝ ਨਵੇਕਲਾ ਅਤੇ ਚੰਗਾ ਕੀਤਾ ਹੈ ਇਸੇ ਸੋਚ ਨੂੰ ਲੈ ਕੇ ਪੰਜਾਬ ਸਰਕਾਰ ਨੇ ਇਹ ਸਮਝੌਤਾ ਦਿੱਲੀ ਸਰਕਾਰ ਨਾਲ ਕੀਤਾ ਹੈ। ਸਾਨੂੰ ਮੁਖਮੰਤਰੀ ਭਗਵੰਤ ਮਾਨ ਜੀ ਤੋਂ ਪੂਰੀ ਉਮੀਦ ਹੈ ਕਿ ਪੰਜਾਬ ਦੀ ਬੇਹਤਰੀ ਲਈ ਬਾਕੀ ਸੂਬਿਆਂ ਜਾਂ ਹੋਰ ਮੁਲਕਾਂ ਵਿਚ ਵੀ ਜਾਣਾ ਪਿਆ ਤਾਂ ਜ਼ਰੂਰ ਜਾਣਗੇ।ਜੇਕਰ ਪਿਛਲੀਆਂ ਸਰਕਾਰਾਂ ਦੀ ਗੱਲ ਕਰੀਏ ਤਾਂ ਪੰਜਾਬ ਉਹਨਾਂ ਦੇ ਰਾਜ ਵਿੱਚ ਅਗਾਂਹ ਨੂੰ ਵਧਣ ਦੀ ਥਾਂ ਦੁੱਗਣਾ ਪਛਾਣ ਚਲਾ ਗਿਆ ਹੈ ਸਾਡੇ ਵਿਰੋਧੀ ਬਿਨਾਂ ਕਿਸੇ ਆਧਾਰ ਤੋਂ ਸਿਰਫ ਆਲੋਚਨਾ ਕਰਨ ਲਈ ਹੀ ਰੌਲਾ-ਰੱਪਾ ਪਾ ਰਹੇ ਹਨ।

ਇਹ ਇਕਪਾਸੜ ਸਮਝੌਤਾ ਨਹੀਂ ਸਗੋਂ ਇਹ ਸਮਝੌਤਾ ਸਹੀ ਮਾਅਨਿਆਂ ਵਿਚ ਦੋਵਾਂ ਸੂਬਿਆਂ ਵੱਲੋਂ ਗਿਆਨ ਦਾ ਆਪਸੀ ਆਦਾਨ-ਪ੍ਰਦਾਨ ਕਰਨ ਦਾ ਜ਼ਰੀਆ ਹੈ ਜਿਸ ਨਾਲ ਪੰਜਾਬ, ਦਿੱਲੀ ਪਾਸੋਂ ਸਿਹਤ ਤੇ ਸਿੱਖਿਆ ਵਰਗੇ ਖੇਤਰਾਂ ਵਿਚ ਲਾਗੂ ਕੀਤੇ ਲੋਕ ਪੱਖੀ ਮਾਡਲਾਂ ਨੂੰ ਅਪਣਾਏਗਾ ਜਦਕਿ ਦਿੱਲੀ, ਪੰਜਾਬ ਪਾਸੋਂ ਖੇਤੀਬਾੜੀ ਵਰਗੇ ਖੇਤਰਾਂ ਵਿਚ ਕੀਤੇ ਗਏ ਵਿਸ਼ਾਲ ਤਜਰਬੇ ਦਾ ਲਾਭ ਲੈ ਸਕਦਾ ਹੈ। ਬਾਕੀ ਦਿੱਲੀ ਸਰਕਾਰ ਨੇ ਆਪਣੇ ਅਧਿਆਪਕਾਂ ਨੂੰ ਫਿਨਲੈਂਡ, ਕੈਂਬਰਿਜ ਤੇ ਹੋਰ ਵੱਖ-ਵੱਖ ਥਾਵਾਂ ਉਤੇ ਸਿੱਖਿਆ ਖੇਤਰ ਵਿਚ ਨਵੀਆਂ ਤਕਨੀਕਾਂ ਅਤੇ ਹੁਨਰ ਸਿੱਖਣ ਲਈ ਭੇਜਿਆ ਸੀ ਜਿਸ ਦਾ ਲਾਭ ਦਿੱਲੀ ਦੇ ਬੱਚਿਆਂ ਨੂੰ ਹੋ ਰਿਹਾ ਹੈ। ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨੂੰ ਰੰਗ ਕਰਕੇ ਸਮਾਰਟ ਸਕੂਲ ਦਾ ਨਾਂ ਦੇ ਕੇ ਪੰਜਾਬੀਆਂ ਨਾਲ ਸਰਾਸਰ ਧੋਖਾ ਕੀਤਾ ਕਿਉਂਕਿ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦਾ 25 ਫੀਸਦੀ ਬਜਟ ਸਿੱਖਿਆ ਖੇਤਰ ਲਈ ਹੁੰਦਾ ਹੈ ਜਦਕਿ ਪੰਜਾਬ ਵਿਚ ਇਹ ਬਜਟ ਮਹਿਜ਼ 2 ਫੀਸਦੀ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ 19000 ਸਰਕਾਰੀ ਸਕੂਲਾਂ ਜਿੱਥੇ 23 ਲੱਖ ਬੱਚੇ ਪੜ੍ਹ ਰਹੇ ਹਨ, ਵਿਚ ਅਤਿ-ਆਧੁਨਿਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਦੀ ਸਖ਼ਤ ਲੋੜ ਹੈ ਅਤੇ ਪੰਜਾਬ ਸਰਕਾਰ ਦਿੱਲੀ ਮਾਡਲ ਦੇ ਆਧਾਰ ਉਤੇ ਇਹ ਢਾਂਚਾ ਤੇ ਹੋਰ ਸਹੂਲਤਾਂ ਦੇਵ ਲਈ ਬਚਨਵੱਧ ਹੈ। ਜੇਕਰ ਸਿਹਤ ਸਹੂਲਤਾਂ ਦੀ ਗੱਲ ਕਰੀਏ ਤਾਂ ਪੰਜਾਬ ਵਿਚ ਸਿਹਤ ਖੇਤਰ ਦਾ ਬੁਨਿਆਦੀ ਢਾਂਚਾ ਲੜਖੜਾਇਆ ਹੋਇਆ ਹੈ ਕਿਉਂਕਿ ਸਾਡੇ ਕੋਲ ਚੰਗੇ ਡਾਕਟਰ ਅਤੇ ਹੋਰ ਪੈਰਾ-ਮੈਡੀਕਲ ਸਟਾਫ ਤਾਂ ਹੈ ਪਰ ਲੋੜੀਂਦਾ ਢਾਂਚਾ ਨਹੀਂ ਹੈ। ਪੰਜਾਬ ਸਰਕਾਰ ਇਸ ਤੇ ਲਗਾਤਾਰ ਕੰਮ ਕਰ ਰਹੀ ਹੈ।

# ਆਬਕਾਰੀ ਅਤੇ ਕਰ ਮੰਤਰੀ ਨੇ ਅਗਾਮੀ ਆਬਕਾਰੀ ਨੀਤੀ, 2022-23 ਦੇ ਸਬੰਧ ਵਿੱਚ ਲਾਇਸੰਸਧਾਰਕਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ



**ਲੁਧਿਆਣਾ/ਸੁਖਚੈਨ ਮਹਿਰਾ,ਕਰਨ ਅੱਗਰਵਾਲ**

ਆਬਕਾਰੀ ਅਤੇ ਕਰ ਮੰਤਰੀ, ਹਰਪਾਲ ਸਿੰਘ ਚੀਮਾ ਨੇ ਆਬਕਾਰੀ ਨੀਤੀ, 2022-23 ਦੇ ਸਬੰਧ ਵਿੱਚ ਲਾਇਸੰਸਧਾਰਕਾਂ ਨਾਲ ਪ੍ਰੀ-ਆਬਕਾਰੀ ਨੀਤੀ ਸਬੰਧਤ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਦੀ ਸਹਿ-ਪ੍ਰਧਾਨਗੀ ਪੰਜਾਬ ਸਰਕਾਰ ਦੇ ਵਧੀਕ ਮੁੱਖ ਸਕੱਤਰ (ਕਰ) ਕੇ.ਏ.ਪੀ. ਸਿਨਹਾ, ਆਈ.ਏ.ਐਸ. ਅਤੇ ਆਬਕਾਰੀ ਕਮਿਸ਼ਨਰ, ਪੰਜਾਬ, ਵਰੁਣ ਰੂਜ਼ਮ, ਆਈ.ਏ.ਐਸ. ਆਬਕਾਰੀ ਕਮਿਸ਼ਨਰੇਟ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੀਟਿੰਗ ਵਿੱਚ ਹਾਜ਼ਰ ਹੋਏ। ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਲਈ ਨਿਰਪੱਖ ਅਤੇ ਪਾਰਦਰਸ਼ੀ ਆਬਕਾਰੀ ਨੀਤੀ ਬਣਾਉਣ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਸਰਕਾਰ ਦਾ ਮੁੱਖ ਫੋਕਸ ਸਿਰਫ਼ ਮਾਲੀਆ ਵਧਾਉਣ @ਤੇ ਹੀ ਨਹੀਂ ਹੋਵੇਗਾ, ਸਗੋਂ ਸ਼ਰਾਬ ਦੇ ਕਾਰੋਬਾਰ @ਚ ਉਛਾਲ ਰੱਖਣ @ਤੇ ਵੀ ਧਿਆਨ ਦਿੱਤਾ ਜਾਵੇਗਾ। ਮੰਤਰੀ ਨੇ ਕਿਹਾ ਕਿ ਸੂਬੇ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਾਰੇ ਭਾਗੀਦਾਰਾਂ ਵੱਲੋਂ ਦਿੱਤੇ ਸੁਝਾਵਾਂ @ਤੇ ਵਿਚਾਰ ਕਰਕੇ ਨੀਤੀ ਬਣਾਈ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਅਤੇ ਬੇਈਮਾਨੀ ਵਾਲੀਆਂ ਗਤੀਵਿਧੀਆਂ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਗੁਆਂਢੀ ਰਾਜਾਂ ਤੋਂ ਤਸਕਰੀ ਹੋਣ ਵਾਲੀ ਸ਼ਰਾਬ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਕੈਬਨਿਟ ਮੰਤਰੀ ਨੇ ਜਲਦੀ ਹੀ ਤਿਆਰ ਕੀਤੀ ਜਾਣ ਵਾਲੀ ਆਬਕਾਰੀ ਨੀਤੀ ਬਾਰੇ ਲਾਇਸੰਸਧਾਰਕਾਂ ਤੋਂ ਸੁਝਾਅ ਮੰਗੇ ਅਤੇ ਚੱਲ ਰਹੀ ਨੀਤੀ ਬਾਰੇ ਫੀਡਬੈਕ ਲਈ। ਲਾਇਸੰਸਧਾਰਕਾਂ ਨੇ ਪਾਲਿਸੀ ਲਈ ਆਪਣੇ ਸੁਝਾਅ ਅਤੇ ਪ੍ਰਸਤਾਵ ਦਿੱਤੇ। ਕੈਬਨਿਟ ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਵੱਲੋਂ ਦਿੱਤੇ ਗਏ ਸੁਝਾਵਾਂ ਅਤੇ ਪ੍ਰਸਤਾਵਾਂ ਨੂੰ ਨੀਤੀ ਬਣਾਉਣ ਸਮੇਂ ਵਿਚਾਰਿਆ ਜਾਵੇਗਾ। ਅੱਜ ਇੱਥੇ ਸਰਕਟ ਹਾਊਸ ਵਿਖੇ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੀ ਟੁਕੜੀ ਨੇ ਕੈਬਨਿਟ ਮੰਤਰੀ ਨੂੰ ਗਾਰਡ ਆਫ਼ ਆਨਰ ਵੀ ਦਿੱਤਾ। ਇਸ ਮੌਕੇ ਡਿਪਟੀ ਕਮਿਸ਼ਨਰ ਸੁਰਭੀ ਮਲਿਕ, ਪੁਲਿਸ ਕਮਿਸ਼ਨਰ ਕੌਸਤੁਭ ਸ਼ਰਮਾ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



# ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਵਿਖੇ ਮਹਾਂਪੁਰਸ਼ਾਂ ਦੀ ਯਾਦ 'ਚ ਸਮਾਗਮ ਸੰਪੰਨ

**ਲੁਧਿਆਣਾ/ਸੁਖਚੈਨ ਮਹਿਰਾ**

ਸੇਵਾਪੰਥੀ ਸੰਪਰਦਾਇ ਦੇ ਪ੍ਰਮੁੱਖ ਸੇਵਾ ਕੇਂਦਰ ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਭਾਈ ਜਗਤਾ (ਬਠਿੰਡਾ) ਵਿਖੇ ਸ਼੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ 'ਸੇਵਾਪੰਥੀ' ਦੀ 72ਵੀਂ ਬਰਸੀ ਅਤੇ ਸੰਤ ਭੁਪਿੰਦਰ ਸਿੰਘ ਜੀ 'ਸੇਵਾਪੰਥੀ' ਦੀ 19ਵੀਂ ਪਾਵਨ ਯਾਦ ਵਿੱਚ ਸਾਲਾਨਾ ਗੁਰਮਤਿ ਸਮਾਗਮ ਅਤੇ ਯੱਗ-ਭੰਡਾਰਾ ਬੀਤੇ ਦਿਨੀਂ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਅਖੰਡ-ਪਾਠਾਂ ਦੇ ਭੋਗ ਪਾਏ ਗਏ। ਸਮਾਗਮ ਵਿੱਚ ਭਾਈ ਗਗਨਦੀਪ ਸਿੰਘ ਜੀ ਗੰਗਾ ਨਗਰ, ਭਾਈ ਅਮਰਜੀਤ ਸਿੰਘ ਜੀ ਪਟਿਆਲਾ, ਭਾਈ ਸਰਬਜੀਤ ਸਿੰਘ ਜੀ ਲੁਧਿਆਣਾ, ਭਾਈ ਸਤਨਾਮ ਸਿੰਘ ਜੀ, ਭਾਈ ਪ੍ਰਿਤਪਾਲ ਸਿੰਘ ਜੀ ਹਜ਼ੂਰੀ ਰਾਗੀ ਟਿਕਾਣਾ ਸਾਹਿਬ ਨੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਮਹੰਤ ਚਮਕੌਰ ਸਿੰਘ ਜੀ 'ਸੇਵਾਪੰਥੀ' ਪਟਿਆਲਾ, ਮਹੰਤ ਪ੍ਰਿਤਪਾਲ ਸਿੰਘ ਜੀ 'ਸੇਵਾਪੰਥੀ' ਹੁਸ਼ਿਆਰਪੁਰ, ਸੰਤ ਬਹਾਦਰ ਸਿੰਘ ਜੀ ਹੁਸ਼ਿਆਰਪੁਰ, ਸੰਤ ਧਰਮ ਸਿੰਘ ਜੀ ਮਲੋਟ ਤੇ ਹੋਰ ਸੰਤਾਂ-ਮਹਾਂਪੁਰਸ਼ਾਂ ਨੇ ਪਰਉਪਕਾਰੀ ਮਹਾਂਪੁਰਸ਼ ਮਹੰਤ ਗੁਲਾਬ ਸਿੰਘ ਤੇ ਸੰਤ ਭੁਪਿੰਦਰ ਸਿੰਘ ਜੀ ਦੇ ਜੀਵਨ, ਇਤਿਹਾਸ ਬਾਰੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਮਹੰਤ ਕਾਹਨ ਸਿੰਘ ਜੀ, ਸੰਤ ਰਣਜੀਤ ਸਿੰਘ ਜੀ, ਸੰਤ ਜਗਜੀਤ ਸਿੰਘ ਜੀ 'ਸੇਵਾਪੰਥੀ' ਨੇ ਰਾਗੀ ਜਥਿਆਂ, ਪ੍ਰਚਾਰਕਾਂ ਤੇ ਸੰਤਾਂ-ਮਹਾਂਪੁਰਸ਼ਾਂ ਦਾ ਸਨਮਾਨ ਕੀਤਾ। ਭਾਈ ਹਰਵਿੰਦਰ ਸਿੰਘ ਟੀਟੂ ਦਿੱਲੀ ਨੇ ਸਟੇਜ ਸਕੱਤਰ ਦੀ ਸੇਵਾ ਬੜੇ ਸੁਚੱਜੇ ਢੰਗ ਨਾਲ ਨਿਭਾਈ। ਮਹੰਤ ਕਾਹਨ ਸਿੰਘ ਜੀ ਨੇ ਸਮਾਗਮ ਵਿੱਚ ਪਹੁੰਚੀਆਂ ਸੰਗਤਾਂ, ਰਾਗੀ ਜਥਿਆਂ ਤੇ ਸੰਤਾਂ-ਮਹਾਂਪੁਰਸ਼ਾਂ ਦਾ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਵੀਟ ਨੇ ਕੈਟਰੀਨਾ ਕੈਫ ਦੇ ਨਾਲ ਆਪਣੀ ਨਵੀਂ ਕੰਪੇਨ ਲਾਂਚ ਕੀਤੀ




**ਮੋਹਾਲੀ/ਲੋਕ ਬਾਣੀ**

ਡੀਪੀਲੇਟਰੀ ਉਤਪਾਦਾਂ ਵਿੱਚ ਵਿਸ਼ਵ ਲੀਡਰ ਵੀਟ ਨੇ ਅੱਜ ਬ੍ਰਾਂਡ ਅੰਬੈਸਡਰ ਕੈਟਰੀਨਾ ਕੈਫ ਦੇ ਨਾਲ ਆਪਣੀ ਨਵੀਂ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਇਹ ਮੁਹਿੰਮ ਵੀਟ ਦੇ ਕੋਲਡ ਵੈਕਸ ਸਟ੍ਰਿਪਸ ਨਾਲ ਅੱਜ ਦੀਆਂ ਆਧੁਨਿਕ, ਬਹੁਪੱਖੀ ਔਰਤਾਂ ਦੀਆਂ ਲੋੜਾਂ ਨੂੰ ਪੂਰਾ ਕਰਨ @ਤੇ ਕੇਂਦ੍ਰਿਤ ਹੈ। ਮਸ਼ਹੂਰ ਫਿਲਮ ਨਿਰਮਾਤਾ ਪੁਨੀਤ ਮਲਹੋਤਰਾ ਵਲੋਂ ਨਿਰਦੇਸ਼ਤ, ਮੁਹਿੰਮ @ਦ ਬੈਟਰ ਵੇ ਟੂ ਵੈਕਸ@ ਗਰਮੀਆਂ ਦੇ ਸਿਖਰ ਮਹੀਨਿਆਂ ਦੌਰਾਨ ਵਾਲਾਂ ਨੂੰ ਹਟਾਉਣ ਦੇ ਤੇਜ਼ ਅਤੇ ਪ੍ਰਭਾਵਸ਼ਾਲੀ ਹੱਲ ਲੱਭਣ ਵਾਲੀਆਂ ਔਰਤਾਂ ਨਾਲ ਗੱਲਬਾਤ ਕਰਦੀ ਹੈ। ਵੀਟ ਕੋਲਡ ਵੈਕਸ ਸਟ੍ਰਿਪਸ ਘਰ ਵਿੱਚ ਵਰਤਣ @ਚ ਸੁਖਾਲੀ ਅਤੇ ਸ਼ਾਨਦਾਰ ਨਤੀਜਿਆਂ ਕਾਰਨ ਔਰਤਾਂ ਵਿੱਚ ਤੇਜ਼ੀ ਨਾਲ ਮਸ਼ਹੂਰ ਹੋ ਗਈਆਂ ਹਨ। ਕੋਲਡ ਵੈਕਸਿੰਗ ਆਮ ਤੌਰ @ਤੇ ਵਰਤੀ ਜਾਣ ਵਾਲੀ ਹੌਟ ਸ਼ੂਗਰ ਵੈਕਸਿੰਗ ਨਾਲੋਂ ਬਿਹਤਰ ਨਤੀਜੇ ਪੇਸ਼ ਕਰਦੀ ਹੈ, ਇਹ ਬੇਅਰਾਮੀ, ਗੜਬੜੀ ਅਤੇ ਸਮੇਂ ਦੇ ਨੁਕਸਾਨ ਨੂੰ ਘਟਾਉਂਦੀ ਹੈ ਅਤੇ ਇਹ ਉਹਨਾਂ ਔਰਤਾਂ ਲਈ ਮਹੱਤਵਪੂਰਨ ਹੈ ਜੋ ਘੁੰਮਦੀਆਂ-ਫਿਰਦੀਆਂ ਹਨ ਅਤੇ ਨਤੀਜਿਆਂ ਨਾਲ ਸਮਝੌਤਾ ਕੀਤੇ ਬਿਨਾਂ, ਵਾਲਾਂ ਨੂੰ ਹਟਾਉਣ ਲਈ ਇੰਸਟੈਂਟ ਸਮਾਧਾਨ ਲੱਭ ਰਹੀਆਂ ਹਨ। ਰੇਕਿੱਟ ਦੇ ਸਾਊਥ ਏਸ਼ੀਆ- ਹੈਲਥ ਐਂਡ ਨਿਊਟ੍ਰਿਸ਼ਨ ਦੇ ਰੀਜਨਲ ਮਾਰਕੇਟਿੰਗ ਡਾਇਰੈਕਟਰ ਸ਼੍ਰੀ ਦਿਲੇਨ ਗਾਂਧੀ ਨੇ ਕਿਹਾ, ਅਸੀਂ ਸਮਝਦੇ ਹਾਂ ਕਿ ਅੱਜ ਦੀ ਬਹੁਪੱਖੀ ਔਰਤ ਨਤੀਜਿਆਂ ਨਾਲ ਸਮਝੌਤਾ ਕੀਤੇ ਬਿਨਾਂ ਨਵੀਨਤਾਕਾਰੀ, ਵਰਤੋਂ ਵਿੱਚ ਆਸਾਨ ਹੱਲਾਂ ਨਾਲ ਆਪਣੀ ਜ਼ਿੰਦਗੀ ਨੂੰ ਸਰਲ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਸੀਂ ਕੈਟਰੀਨਾ ਕੈਫ ਨਾਲ ਸਾਡੀ ਨਵੀਂ ਮੁਹਿੰਮ #TheBetterWayToWax ਨੂੰ ਸ਼ੁਰੂ ਕਰਨ ਲਈ ਉਤਸ਼ਾਹਿਤ ਹਾਂ। ਉਹ ਉਹਨਾਂ ਔਰਤਾਂ ਦੀ ਪ੍ਰਤੀਨਿਧਤਾ ਅਤੇ ਪ੍ਰੇਰਿਤ ਕਰਦੀ ਹੈ ਜੋ ਜਾਣਦੇ ਹਨ ਕਿ ਉਹ ਜ਼ਿੰਦਗੀ ਵਿੱਚ ਕੀ ਚਾਹੁੰਦੇ ਹਨ ਅਤੇ ਆਤਮ ਵਿਸ਼ਵਾਸ ਅਤੇ ਸ਼ੈਲੀ ਨਾਲ ਉਹੀ ਪ੍ਰਾਪਤ ਕਰਦੇ ਹਨ। ਇਹ ਮੁਹਿੰਮ ਉਹਨਾਂ ਔਰਤਾਂ ਦਾ ਜਸ਼ਨ ਮਨਾਉਣ ਦਾ ਸਾਡਾ ਤਰੀਕਾ ਹੈ, ਜੋ ਸਮਝੌਤਾ ਨਹੀਂ ਕਰਦੀਆਂ ਅਤੇ ਜੋ ਵੀ ਉਹ ਕਰਦੀਆਂ ਹਨ ਉਸ ਵਿੱਚ ਸਭ ਤੋਂ ਵਧੀਆ ਚਾਹੁੰਦੀਆਂ ਹਨ। ਵੀਟ ਕੋਲਡ ਵੈਕਸ ਸਟ੍ਰਿਪਸ ਵਧੀਆ ਨਤੀਜੇ ਦੇ ਨਾਲ ਵਾਲਾਂ ਨੂੰ ਹਟਾਉਣ ਦਾ ਇੱਕ ਸੁਵਿਧਾਜਨਕ ਅਤੇ ਪ੍ਰਭਾਵੀ ਤਰੀਕਾ ਪੇਸ਼ ਕਰਨ ਵਾਲਾ ਸੰਪੂਰਣ ਹੱਲ ਹੈ। ਲਾਂਚ @ਤੇ ਟਿੱਪਣੀ ਕਰਦਿਆਂ, ਅਦਾਕਾਰਾ ਅਤੇ ਉਦਮੀ ਕੈਟਰੀਨਾ ਕੈਫ ਨੇ ਕਿਹਾ, ਵੀਟ ਇੱਕ ਮਸ਼ਹੂਰ ਬ੍ਰਾਂਡ ਹੈ, ਜੋ ਮੇਰੇ ਵਰਗੀਆਂ ਅਜਿਹੀਆਂ ਔਰਤਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਨਿਭਾਰ ਰਹੀਆਂ ਹਨ ਅਤੇ ਆਪਣੀਆਂ ਲੋੜਾਂ ਲਈ ਇੱਕ ਸੁਵਿਧਾਜਨਕ ਪਰ ਪ੍ਰਭਾਵਸ਼ਾਲੀ ਹੱਲ ਲੱਭ ਰਹੀਆਂ ਹਨ। ਵੀਟ ਦੇ ਨਾਲ ਮੇਰੀ ਲੰਮੀ ਯਾਤਰਾ ਸਾਡੀ ਸਾਂਝ ਨੂੰ ਹੋਰ ਵੀ ਖਾਸ ਬਣਾਉਂਦੀ ਹੈ, ਮੈਂ ਨਵੀਨਤਮ ਮੁਹਿੰਮ #TheBetterWayToWax ਦੀ ਉਡੀਕ ਕਰ ਰਹੀ ਹਾਂ ਅਤੇ ਉਮੀਦ ਕਰਦੀ ਹਾਂ ਕਿ ਦਰਸ਼ਕ ਵੀ ਇਸਨੂੰ ਪਸੰਦ ਕਰਨਗੇ।

# ਜੰਗਲਾਤ ਵਰਕਰ ਯੂਨੀਅਨ ਪੰਜਾਬ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਰੇਂਜ ਅਬੋਹਰ ਦੀ ਚੋਣ ਹੋਈ

**ਮਲੋਟ/ ਗਿਆਨ ਸਾਹਨੀ**

ਜੰਗਲਾਤ ਵਰਕਰ ਯੂਨੀਅਨ ਪੰਜਾਬ ਜਿਲਾ ਸੀ ਮੁਕਤਸਰ ਸਾਹਿਬ ਰੇਜ ਅਬੋਹਰ ਦੀ ਪੁਰਾਣੀ ਕਮੇਟੀ ਭੰਗ ਕਰਕੇ ਨਵੀ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਜਿਸ ਦੀ ਅਗਵਾਈ ਜਗਵੀਰ ਸਿੰਘ ਸੀਰਾ ਪੰਜਾਬ ਜਰਨਲ ਸਕੱਤਰ ਮਲਕੀਤ ਸਿੰਘ ਝੋਰੜ ਜਿਲਾ ਜਰਨਲ ਸਕੱਤਰ ਨੇ ਕਿਤੀ ਮੀਟਿੰਗ ਦੌਰਾਨ ਪਤਰਕਾਰਾਂ ਨੂੰ ਜਾਨਕਾਰੀ ਦਿੰਦੇਂ ਹੋਏ ਦਸਿਆ ਕਿ ਹੇਤਰਾਮ ਨੂੰ ਰੇਜ ਪ੍ਰਧਾਨ, ਨਥੂ ਰਾਮ ਨੂੰ ਜਰਨਲ ਸਕੱਤਰ ਚੁਣਿਆ ਗਿਆ। ਇਸ ਮੌਕੇ ਕਾਸੀ ਰਾਮ, ਰਾਦੇ ਸਾਮ ,ਮਦਨ ਲਾਲ ,ਗੁਰਮੇਜ ਸਿੰਘ ਆਦਿ ਹਾਜ਼ਰ ਸਨ



# ਡੀ ਸੀ ਨੇ ਸਫਾਈ ਕਰਮਚਾਰੀਆਂ ਨੂੰ 150 ਸਫਾਈ ਕਿੱਟਾਂ ਵੰਡੀਆਂ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਮੰਗਲਵਾਰ ਨੂੰ ਲੋਕਾਂ ਨੂੰ ਪਲਾਸਟਿਕ ਦੇ ਲਿਫਾਫਿਆਂ (ਕੈਰੀ ਬੈਗ) ਦੀ ਵਰਤੋਂ ਤੋਂ ਗੁਰੇਜ਼ ਕਰਨ ਅਤੇ ਨਵਾਂਸ਼ਹਿਰ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਪ੍ਰਸ਼ਾਸਨ ਨਾਲ ਪੂਰਨ ਸਹਿਯੋਗ ਦੇਣ ਦਾ ਸੱਦਾ ਦਿੱਤਾ।@ਆਪ@ ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ, ਏਡੀਸੀ (ਯੂ ਡੀ) ਅਮਿਤ ਸਰੀਨ ਸਮੇਤ ਨਵਾਂਸ਼ਹਿਰ ਨਗਰ ਕੌਂਸਲ ਦੇ ਸਫ਼ਾਈ ਕਰਮਚਾਰੀਆਂ ਨੂੰ 130 ਸਫਾਈ ਕਿੱਟਾਂ ਦੀ ਵੰਡ ਕਰਦਿਆਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਛੱਡਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੋਲੀਥੀਨ/ਪਲਾਸਟਿਕ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਲੋਕਾਂ ਨੂੰ ਜੂਟ ਦੇ ਥੈਲਿਆਂ ਵਰਗੇ ਹੋਰਨਾਂ ਉਤਪਾਦਾਂ ਵੱਲ ਜਾਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ ਵਾਤਾਵਰਨ ਪੱਖੀ ਬੈਗ ਪਲਾਸਟਿਕ ਦੇ ਲਿਫ਼ਾਫ਼ਿਆਂ ਕਾਰਨ ਪੈਦਾ ਹੋ ਰਹੀ ਵਾਤਾਵਰਣ ਦੀ ਸਮੱਸਿਆ ਨੂੰ ਦੂਰ ਕਰਨ ਵਿੱਚ ਸਹਾਈ ਸਿੱਧ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਜੂਟ (ਪਟਸਨ) ਜਾਂ ਕੱਪੜੇ ਦੇ ਥੈਲੇ ਵਾਤਾਵਰਨ ਜਾਂ ਮਨੁੱਖੀ ਸਿਹਤ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਪਲਾਸਟਿਕ ਦੇ ਥੈਲੇ ਕਈ ਸਾਲਾਂ ਤੱਕ ਗਲਦੇ/ਸੜਦੇ ਨਹੀਂ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਲੋਕਾਂ ਦੇ ਸਰਗਰਮ ਸਹਿਯੋਗ ਅਤੇ ਸਹਿਯੋਗ ਸਦਕਾ ਨਵਾਂਸ਼ਹਿਰ ਸਵੱਛ, ਹਰਿਆ ਭਰਿਆ, ਪ੍ਰਦੂਸ਼ਣ ਅਤੇ ਪਲਾਸਟਿਕ ਮੁਕਤ ਜ਼ਿਲ੍ਹੇ ਵਜੋਂ ਮੋਹਰੀ ਸ਼ਹਿਰ ਹੋਵੇਗਾ। ਇਸ ਦੌਰਾਨ, ਐਨ.ਪੀ.ਐਸ. ਰੰਧਾਵਾ ਨੇ ਅੱਗੇ ਕਿਹਾ ਕਿ ਇਹ ਸਫਾਈ ਕਿੱਟਾਂ ਇੰਡੀਅਨ ਰੈੱਡ ਕਰਾਸ ਸੋਸਾਇਟੀ ਦੁਆਰਾ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਇਨ੍ਹਾਂ ਵਿੱਚ ਹੱਥ ਧੋਣ ਵਾਲੇ ਸਾਬਣ, ਤਰਲ ਹੈਂਡਵਾਸ਼, ਦਸਤਾਨੇ, ਮਾਸਕ, ਸੈਨੇਟਰੀ ਨੈਪਕਿਨ ਅਤੇ ਹੋਰ ਚੀਜ਼ਾਂ ਸ਼ਾਮਲ ਹਨ।

# ਆਮ ਆਦਮੀ ਪਾਰਟੀ ਪੰਜਾਬ ਦੀ ਜਨਤਾ ਦੀਆਂ ਆਸਾਂ ਉਪਰ ਪੂਰੀ ਤਰ੍ਹਾਂ ਖਰੀ ਸਾਬਤ ਹੋ ਰਹੀ ਹੈ ਮੁਖੀਜਾ



**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ:-** ਜਿਨ੍ਹਾਂ ਉਮੀਦਾਂ ਅਤੇ ਆਸਾਂ ਨਾਲ ਪੰਜਾਬ ਦੀ ਜਨਤਾ ਨੇ ਆਮ ਆਦਮੀ ਪਾਰਟੀ ਦੇ ਹੱਕ ਚ ਏਡਾ ਵੱਡਾ ਫ਼ਤਵਾ ਦਿੱਤਾ ਅਤੇ ਪੰਜਾਬ ਦੀ ਵਾਂਗਡੋਰ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੱਥ ਦਿੱਤੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੀ ਜਨਤਾ ਦੀਆਂ ਆਸਾਂ ਉਪਰ ਪੂਰੀ ਤਰ੍ਹਾਂ ਖਰੀ ਸਾਬਤ ਹੋ ਰਹੀ ਹੈ ਇਕ ਮਹੀਨੇ ਅੰਦਰ ਹੀ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਜੋ ਪੰਜਾਬ ਦੀ ਜਨਤਾ ਪੱਖੀ ਫ਼ੈਸਲੇ ਲਏ ਹਨ ਉਸ ਤੋਂ ਪੰਜਾਬ ਦੀ ਜਨਤਾ ਪੂਰੀ ਤਰ੍ਹਾਂ ਸੰਤੁਸ਼ਟ ਤੇ ਬਾਗੋਬਾਗ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਸੀਨੀਅਰ ਆਪ ਆਗੂ ਸ੍ਰੀ ਗੁਰਮੀਤ ਮੁਖੀਜਾ ਡਾ ਗੁਰਮੀਤ ਸਿੰਘ ਗਿੱਲ ਰਾਜਪਾਲ ਮਖੀਜਾ ਬੂਟਾ ਸਿੰਘ ਰੇਡ ?ਵਾਂ ਜਸਬੀਰ ਸਿੰਘ ਪੁਰਾਣੇਆਲੀਆ ਅਤੇ ਸਾਜਨ ਛਾਬਡ ?ਾ ਨੇ ਵਿਸ਼ੇਸ਼ ਤੌਰ ਤੇ ਲੋਕ ਬਾਣੀ ਦੇ ਇੰਚਾਰਜ ਨਾਲ ਗੱਲਬਾਤ ਕਰਦਿਆਂ ਹੋਇਆਂ ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਦੀ ਕੁਰਸੀ ਸੰਭਾਲਦਿਆਂ ਹੀ ਭਗਵੰਤ ਮਾਨ ਨੇ ਪ੍ਰਾਈਵੇਟ ਸਕੂਲਾਂ ਨੂੰ ਫ਼ੀਸਾਂ ਨਾ ਵਧਾਉਣ ਦੇ ਨਿਰਦੇਸ਼ ਅਤੇ ਪੁਲਸ ਕਮਿਸ਼ਨਰਾਂ ਨੂੰ ਨਸ਼ੇ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਕਿਸਾਨਾਂ ਨੂੰ ਸੌ ਕਰੋੜ ਰੁਪਏ ਵੱਧ ਦਾ ਮੁਆਵਜ਼ਾ ਜਾਰੀ ਕੀਤਾ ਇੱਕ ਵਿਧਾਇਕ ਪੈਨਸ਼ਨ ਸਾਰੇ ਵਿਧਾਇਕਾਂ ਤੋਂ ਵਾਧੂ ਸੁਰੱਖਿਆ ਵਾਪਸ ਲਈ ਬੇਰੁਜ਼ਗਾਰ ਨੌਜਵਾਨਾਂ ਲਈ ਨੌਕਰੀਆਂ ਅਤੇ ਬੜੇ ਹੀ ਸਾਫ਼ ਸੁਥਰੇ ਢੰਗ ਦੇ ਨਾਲ ਕਣਕ ਦੀ ਖਰੀਦ ਕੀਤੀ ਅਤੇ ਹੁਣ 1 ਜੁਲਾਈ ਤੋਂ 300 ਯੂਨਿਟ ਪ੍ਰਤੀ ਮਹੀਨਾ ਬਿਜਲੀ ਮੁਫ਼ਤ ਵਾਲੇ ਲੋਕ ਪੱਖੀ ਫ਼ੈਸਲਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ ਉਨ੍ਹਾਂ ਨੇ ਕਿਹਾ ਕਿ ਧਰਮਕੋਟ ਹਲਕੇ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਵੀ ਹਲਕੇ ਨੂੰ ਵਿਕਾਸ ਪੱਖੋਂ ਮੋਹਰੀ ਹਲਕਾ ਬਣਾਉਣ ਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਰਹਿਨੁਮਈ ਹੇਠ ਹਲਕਾ ਧਰਮਕੋਟ ਵਿਕਾਸ ਦੀਆਂ ਬੁਲੰਦੀਆਂ ਨੂੰ ਛੂਹੇਗਾ।

# ਬਟਾਲਾ ਹਲਕੇ ਦੇ ਵਿਕਾਸ ਨੂੰ ਲੈ ਕੇ ਵਿਧਾਇਕ ਸ਼ੈਰੀ ਕਲਸੀ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਕੀਤੀਆਂ ਮੀਟਿੰਗਾਂ



**ਬਟਾਲਾ/ਸੁਖਨਾਮ ਸਿੰਘ**

ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਸ੍ਰੀ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਅੱਜ ਹਲਕੇ ਦੇ ਵਿਕਾਸ ਕਾਰਜਾਂ ਦਾ ਜਾਇਜਾ ਲੈਣ ਲਈ ਪੰਜਾਬ ਸਰਕਾਰ ਦੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਨਾਲ ਸਥਾਨਕ ਸਹਿਕਾਰੀ ਖੰਡ ਮਿੱਲ ਦੇ ਮੀਟਿੰਗ ਹਾਲ ਵਿੱਚ ਮੀਟਿੰਗਾਂ ਕੀਤੀਆਂ। ਸਵੇਰੇ 10 ਵਜੇ ਸ਼ੁਰੂ ਹੋਈਆਂ ਇਹ ਮੀਟਿੰਗਾਂ ਦੇਰ ਸ਼ਾਮ ਤੱਕ ਚੱਲਦੀਆਂ ਰਹੀਆਂ ਜਿਨ੍ਹਾਂ ਵਿੱਚ ਵਿਧਾਇਕ ਕਲਸੀ ਨੇ ਹਰ ਵਿਭਾਗ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਦੇ ਨਾਲ ਉਨ੍ਹਾਂ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈਆਂ ਯੋਜਨਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ।

ਵਿਧਾਇਕ ਸ੍ਰੀ ਸ਼ੈਰੀ ਕਲਸੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਭਲਾਈ ਯੋਜਨਾਵਾਂ ਦਾ ਲਾਭ ਸਮਾਜ ਦੇ ਹਰ ਲੋੜਵੰਦ ਤੇ ਗਰੀਬ ਵਿਅਕਤੀ ਤੱਕ ਪਹੁੰਚਦਾ ਕਰਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਸਰਕਾਰ ਹੈ ਅਤੇ ਇਸ ਸਰਕਾਰ ਦਾ ਮੁੱਖ ਏਜੰਡਾ ਲੋਕ ਸੇਵਾ ਹੈ। ਉਨ੍ਹਾਂ ਕਿਹਾ ਕਿ ਹਰ ਵਿਭਾਗ ਆਪਣੀਆਂ ਭਲਾਈ ਸਕੀਮਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਵਿਸ਼ੇਸ਼ ਕੈਂਪ ਲਗਾਵੇ ਤਾਂ ਜੋ ਲੋਕ ਇਨ੍ਹਾਂ ਭਲਾਈ ਯੋਜਨਾਵਾਂ ਬਾਰੇ ਜਾਣਕਾਰੀ ਹਾਸਲ ਕਰਕੇ ਲਾਭ ਪ੍ਰਾਪਤ ਕਰ ਸਕਣ।

ਵਿਕਾਸ ਕਾਰਜਾਂ ਦਾ ਜਾਇਜਾ ਲੈਂਦਿਆਂ ਵਿਧਾਇਕ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਸਮੇਤ ਹਲਕੇ ਦੇ ਪਿੰਡਾਂ ਵਿੱਚ ਵੀ ਵਿਕਾਸ ਦੀ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਨਗਰ ਨਿਗਮ ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਗਤੀ ਨੂੰ ਤੇਜ਼ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਸਹੂਲਤ ਮਿਲ ਸਕੇ। ਉਨ੍ਹਾਂ ਕਿਹਾ ਕਿ ਕੰਮ ਦੀ ਗੁਣਵਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ ਅਤੇ ਅਧਿਕਾਰੀ ਚੱਲ ਰਹੇ ਕੰਮਾਂ ਦੀ ਖੁਦ ਮੌਕੇ 'ਤੇ ਜਾ ਕੇ ਨਿਗਰਾਨੀ ਕਰਨ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਅੱਜ ਦੀਆਂ ਮੀਟਿੰਗਾਂ ਬੜੀਆਂ ਸਫਲ ਰਹੀਆਂ ਹਨ ਅਤੇ ਸਾਰੇ ਹੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਬਿਨ੍ਹਾਂ ਕਿਸੇ ਵਿਤਕਰੇ ਦੇ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਸੇ ਤਰਾਂ ਮੀਟਿੰਗਾਂ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਤੋਂ ਅਧਿਕਾਰੀਆਂ ਨੂੰ ਜਾਣੂ ਕਰਵਾ ਕੇ ਉਨ੍ਹਾਂ ਦਾ ਹੱਲ ਕਰਵਾਇਆ ਜਾਵੇਗਾ। ਮੀਟਿੰਗਾਂ ਦੌਰਾਨ ਵਿਧਾਇਕ ਸ਼ੈਰੀ ਕਲਸੀ ਦੇ ਨਾਲ ਐੱਸ.ਡੀ.ਐੱਮ. ਬਟਾਲਾ ਸ੍ਰੀ ਰਾਮ ਸਿੰਘ ਅਤੇ ਹੋਰ ਜ਼ਿਲ੍ਹਾ ਅਧਿਕਾਰੀ ਵੀ ਮੌਜੂਦ ਸਨ।

# ਜੈਨ ਅਚਾਰੀਆ ਗੁਰੂਦੇਵ ਮਹਾਰਾਜ ਕੁਲ ਚੰਦਰ ਜੀ ਦਾ ਜੰਡਿਆਲਾ ਗੁਰੂ ਪਹੁੰਚਣ 'ਤੇ ਸਵਾਗਤ ਕੀਤਾ ਗਿਆ

**ਗਰੀਬਾਂ, ਬੇਸਹਾਰਾ ਦੀ ਸੇਵਾ ਕਰੋ ਜਾਂ ਭਗਵਾਨ ਦੀ ਪੂਜਾ ਕਰੋ**



**ਜੰਡਿਆਲਾ ਗੁਰੂ / ਜਸਪਾਲ ਸ਼ਰਮਾ**

ਜੰਡਿਆਲਾ ਗੁਰੂ ਵਿਖੇ ਜੈਨ ਅਚਾਰੀਆ ਗੁਰੂਦੇਵ ਮਹਾਰਾਜ ਕੁਲ ਚੰਦਰ (ਕੇ.ਸੀ.) ਜੀ ਦੇ ਪ੍ਰਵੇਸ਼ ਮੌਕੇ ਪ੍ਰਧਾਨ ਰਜਨੀਸ਼ ਜੈਨ ਗੁਲਸ਼ਨ ਜੈਨ ਦੀ ਪ੍ਰਧਾਨਗੀ ਹੇਠ ਸੰਗਤ ਨੇ ਜੈਨ ਧਰਮ ਨਾਲ ਸਬੰਧਤ ਨਾਅਰੇਬਾਜ਼ੀ ਕੀਤੀ। ਗੁਰੂ ਮਹਾਰਾਜ ਸਭ ਤੋਂ ਪਹਿਲਾਂ ਆਦਿਸ਼ਵਰਦਾ ਮੰਦਿਰ, ਪਾਰਸ਼ਵਨਾਥ ਮੰਦਿਰ ਤੋਂ ਹੁੰਦੇ ਹੋਏ ਵੱਲਭ ਵਿਹਾਰ ਦਾਦਾ ਵਾਦੀ ਗੁਰੂ ਮੰਦਿਰ ਵਿਖੇ ਗਏ।5 ਉੱਤਰੀ ਭਾਰਤ ਸੰਕ੍ਰਾਂਤੀ ਮੰਡਲ ਪੰਜਾਬ ਦੇ ਪ੍ਰਧਾਨ ਬਣੇ ਗੁਲਸ਼ਨ ਜੈਨ ਨੇ ਦੱਸਿਆ ਕਿ ਗੁਰੂ ਮਹਾਰਾਜ ਜੀ ਨੇ ਪ੍ਰਵਚਨ ਦਿੰਦੇ ਹੋਏ ਕਿਹਾ ਕਿ ਨਿਯਮਾਂ ਦੀ ਪਾਲਣਾ ਕਰੋ। ਭਗਵਾਨ ਮਹਾਵੀਰ ਜੀ।ਸਭ ਦੇ ਨਾਲ ਪ੍ਰੇਮ ਭਾਵਨਾ ਨਾਲ ਰਹੋ ਅਤੇ ਨਮਕਾਰ ਮੰਤਰ ਦਾ ਜਾਪ ਕਰੋ।ਮਹਾਰਾਜ ਨੇ ਕਿਹਾ ਕਿ ਗਰੀਬਾਂ, ਲੋੜਵੰਦਾਂ ਦੀ ਸੇਵਾ ਕਰੋ ਅਤੇ ਭਗਵਾਨ ਦੀ ਭਗਤੀ ਵਿੱਚ ਲੀਨ ਹੋ ਕੇ ਵੱਧ ਤੋਂ ਵੱਧ ਸਮਾਂ ਪ੍ਰਭੂ ਦਾ ਨਾਮ ਜਪੋ। ਇਸ ਮੌਕੇ ਐਸ.ਏ ਜੈਨ ਸਭਾ ਦੇ ਪ੍ਰਧਾਨ ਰਜਨੀਸ਼ ਜੈਨ, ਸਕੱਤਰ ਨਵਨੀਤ ਬੌਬੀ, ਸਹਿ ਸਕੱਤਰ ਮੁਨੀਸ਼ ਜੈਨ, ਸੰਨੀ, ਆਸ, ਵਰੁਣ, ਆਦੀਸ਼, ਅਸ਼ੋਕ, ਗੌਰਵ, ਭੂਸ਼ਨ, ਕੋਮਲ, ਪ੍ਰਿੰਸ, ਡਾ: ਸ਼ਾਂਤੀ, ਬਬਲਾ, ਗੁਲਸ਼ਨ ਪ੍ਰਧਾਨ, ਡਾ. ਨਰੇਸ਼, ਭੈਣ ਅਲਕਾ, (ਸਾਰੇ ਜੈਨ) ਆਦਿ ਗੁਰੂ ਮਹਾਰਾਜ ਦੇ ਦਰਸ਼ਨ ਹੋਏ ਜਾਂ ਆਸ਼ੀਰਵਾਦ ਪ੍ਰਾਪਤ ਕੀਤਾ।

# ਇੰਡਸਟਰੀ ਤੋਂ ਕਰੋੜਾਂ ਦਾ ਵਿਆਜ ਲੈਣ ਵਾਲੇ ਬੈਂਕ ਉਦਯੋਗ ਤੇ ਮੁਸ਼ਕਲ ਆਉਣ ਤੇ ਮਾਲਕਾਂ ਨਾਲ ਦੁਰਵਿਵਹਾਰ ਕਰਨਾ ਸ਼ੁਰੂ ਕਰ ਦਿੰਦੇ ਹਨ



**ਬਟਾਲਾ/ਸੁਖਨਾਮ ਸਿੰਘ**

ਭਾਰਤੀ ਰਿਜ਼ਰਵ ਬੈਂਕ ਵੱਲੋਂ ਸਨਅਤਾਂ ਨੂੰ ਸਹੂਲਤਾਂ ਦੇਣ ਦੇ ਐਲਾਨ ਦੇ ਬਾਵਜੂਦ ਬੈਂਕਾਂ ਵੱਲੋਂ ਸਨਅਤ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸਨਅਤ ਦਾ ਨੁਕਸਾਨ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਬੈਂਕਾਂ ਦੀਆਂ ਗਲਤ ਨੀਤੀਆਂ ਕਾਰਨ ਕਈ ਉਦਯੋਗ ਦਿਨੋ-ਦਿਨ ਬੰਦ ਹੋ ਰਹੇ ਹਨ, ਕਈ ਬੰਦ ਹੋਣ ਦੇ ਕੰਢੇ ਹਨ।Press ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਸਨਅਤਕਾਰ ਇੰਦਰ ਸੇਖੜੀ ਨੇ ਦੱਸਿਆ ਕਿ ਸਾਲ ਵਿੱਚ ਸ. 2016 ਵਿੱਚ ਬੈਂਕਾਂ ਦੀਆਂ ਗਲਤ ਨੀਤੀਆਂ ਕਾਰਨ ਬੰਦ ਹੋਣ ਜਾ ਰਹੀ ਇੰਡਸਟਰੀ ਨੂੰ ਬਚਾਉਣ ਲਈ ਰਿਜ਼ਰਵ ਬੈਂਕ ਆਫ ਇੰਡੀਆ ਵੱਲੋਂ ਉਨ੍ਹਾਂ ਦੀ ਗੱਲ ਸੁਣਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ।ਇਸ ਕਮੇਟੀ ਵਿੱਚ ਤਿੰਨ ਮੈਂਬਰੀ ਕਮੇਟੀ ਬਣਾਉਣ ਲਈ ਕਿਹਾ ਗਿਆ ਸੀ, ਜਿਸ ਵਿੱਚ ਸ. ਇੱਕ ਬੈਂਕ ਅਧਿਕਾਰੀ, ਇੱਕ ਜੀ.ਐਮ.ਡੀ.ਆਈ.ਸੀ., ਇੱਕ ਉਦਯੋਗ ਬਾਰੇ ਜਾਣੂ ਹੋਵੇਗਾ, ਪੰਜਾਬ ਦਾ ਨੁਮਾਇੰਦਾ ਹੋਵੇਗਾ, ਬੈਂਕ ਤੋਂ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਉਦਯੋਗ ਦੇ ਮਾਲਕ, ਇਸ ਤਿੰਨ ਮੈਂਬਰੀ ਕਮੇਟੀ ਸਾਹਮਣੇ ਪੇਸ਼ ਹੋ ਕੇ ਆਪਣੀ ਸਮੱਸਿਆ ਤੇ ਇਸ ਦੇ ਹੱਲ ਲਈ ਉਸ ਦਾ ਸੁਝਾਵ ਵੀ ਸੁਣਿਆ ਜਾਵੇਗਾ ਪਰ ਸਾਲ 2016 ਤੋਂ ਅੱਜ ਤੱਕ ਕਮੇਟੀ ਦਾ ਗਠਨ ਨਹੀਂ ਕੀਤਾ ਗਿਆ, ਡਿਪਟੀ ਕਮਿਸ਼ਨਰ ਨੇ ਸਾਲ 2019- 2020 @ਚ ਹੁਕਮ ਪਾਸ ਕਰ ਦਿੱਤੇ, ਜਲਦੀ ਤੋਂ ਜਲਦੀ ਕਮੇਟੀ ਦਾ ਗਠਨ ਕੀਤਾ ਜਾਵੇ ਅਤੇ ਇੰਡਸਟਰੀ ਨੂੰ ਸਹੂਲਤਾਂ ਦਿੱਤੀਆਂ ਜਾਣ ਅਤੇ ਜਿਹੜੀਆਂ ਸਮੱਸਿਆਵਾਂ ਆ ਰਹੀਆਂ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ।ਇਸ ਤੋਂ ਇਲਾਵਾ ਹਾਈਕੋਰਟ ਦੇ ਹੁਕਮ ਵੀ ਆਏ ਹਨ ਕਿ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਦਿਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ। ਉਦਯੋਗ ਦੀਆ ਸਮੱਸਿਆ ਦਾ ਹੱਲ ਕਰੋ।ਇੰਦਰ ਸੇਖੜੀ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਇੰਡਸਟਰੀ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਸੀ, ਇੰਦਰ ਸੇਖੜੀ ਨੇ ਕਿਹਾ ਕਿ ਜਿਹੜੇ ਬੈਂਕ ਉਦਯੋਗਾਂ ਨੂੰ ਕਰਜ਼ਾ ਦੇ ਕੇ ਕਰੋੜਾਂ ਰੁਪਏ ਦਾ ਵਿਆਜ ਵਸੂਲਦੇ ਹਨ, ਜਦੋਂ ਕਿਸੇ ਉਦਯੋਗ @ਤੇ ਔਖਾ ਸਮਾਂ ਆਉਂਦਾ ਹੈ ਤਾਂ ਉਹ ਉਦਯੋਗ ਮਾਲਕਾਂ ਨਾਲ ਬੇਰਹਿਮੀ ਨਾਲ ਦੁਰਵਿਵਹਾਰ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਜਾਇਦਾਦ ਨੂੰ ਨਿਲਾਮ ਕਰਨ ਦੀਆਂ ਧਮਕੀਆਂ ਦੇਣ ਲੱਗ ਪੈਂਦੇ ਹਨ।ਹੁਣ ਨਵੀਂ ਸਰਕਾਰ ਬਣਨ @ਤੇ ਬਟਾਲਾ ਦੇ ਉਦਯੋਗਾਂ ਦਾ ਵਫ਼ਦ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੇ ਉਦਯੋਗ ਮੰਤਰੀ ਨਾਲ ਮੁਲਾਕਾਤ ਕਰਕੇ ਉਦਯੋਗਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਉਨ੍ਹਾਂ ਦੇ ਸਾਹਮਣੇ ਰੱਖੇਗਾ, ਤਾਂ ਜੋ ਉਨ੍ਹਾਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾ ਸਕੇ ਅਤੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਸਕਣ। ਉਦਯੋਗ। ਤਾਂ ਜੋ ਬੰਦ ਹੋ ਰਹੇ ਉਦਯੋਗ ਨੂੰ ਬਚਾਇਆ ਜਾ ਸਕੇ।

# ਪ੍ਰਾਈਵੇਟ ਸਕੂਲ ਐਸੋਸੀਏਸ਼ਨ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਅਬੋਹਰ ਸ਼ਹਿਰ ਦੇ ਇੱਕ ਪ੍ਰਾਈਵੇਟ ਸਕੂਲ ਸੰਚਾਲਕ ਨਿਤਿਨ ਆਰੀਆ ਨੇ ਨਹਿਰ ਵਿਚ ਛਾਲ ਮਾਰ ਕੇ ਕਿੱਤੀ ਆਤਮ ਹੱਤਿਆ

**ਮਲੋਟ/ਗਿਆਨ ਸਾਹਨੀ**

ਅਬੋਹਰ ਸ਼ਹਿਰ ਦੇ ਇਕ ਪ੍ਰਾਈਵੇਟ ਸਕੂਲ ਦੇ ਸੰਚਾਲਕ ਨਿਤਿਨ ਆਰੀਆ ਨੇ ਆਰਥਿਕ ਅਤੇ ਮਾਨਸਿਕ ਤੰਗੀ ਕਾਰਨ ਨਹਿਰ ਵਿਚ ਛਾਲ ਮਾਰਕੇ ਆਤਮ ਹੱਤਿਆ ਕਰਨ ਤੇ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਨੇ ਇਸ ਘਟਨਾ ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਪ੍ਰਧਾਨ ਵਿੱਕੀ ਨਰੂਲਾ ਨੇ ਦਸਿਆ ਕਿ ਮੁਕਤਸਰ ਜਿਲ੍ਹੇ ਦੀ ਸਾਰੀ ਯੂਨੀਅਨ ਇਸ ਘਟਨਾ ਤੇ ਸ਼ੋਕ ਪ੍ਰਗਟ ਕਰਦੀ ਹੈ ਅਤੇ ਅਰਦਾਸ ਕਰਦੀ ਹੈ ਕਿ ਪ੍ਰਮਾਤਮਾ ਵਿਛੜੀ ਹੋਈ ਰੂਹ ਨੂੰ ਅਪਨੇ ਚਰਨਾਂ ਚ ਵਾਸ ਦੇਵੇ, ਜੇਕਰ ਸਰਕਾਰ ਸਕੂਲਾਂ ਦੀ ਕੈਟਾਗਿਰੀ ਦੇ ਅਧਾਰ ਤੇ ਅਪਨੇ ਫੈਸਲੇ ਲਵੇਂ ਤਾਂ ਛੋਟੇ ਸਕੂਲ ਚਲਦੇ ਰਹਿਣਗੇ ਅਤੇ ਘੱਟ ਫੀਸ ਚ ਸਿੱਖਿਆ ਦੇ ਕੇ ਸਾਡੇ ਪੰਜਾਬ ਬੋਰਡ ਦੀ ਹੋਂਦ ਨੂੰ ਬਚਾ ਕੇ ਰੱਖਣਗੇ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਬੋਰੜ ਦੀ ਹੋਂਦ ਖਤਮ ਹੋ ਜਾਏਗੀ ਅਤੇ ਅਸੀ ਪੂਰੀ ਤਰਾਂ ਪ੍ਰਾਈਵੇਟ ਧਨਾਂਢਾ ਦੇ ਹੱਥਾ ਚ ਅਪਨੇ ਬੱਚਿਆਂ ਦਾ ਭਵਿੱਖ ਦੇ ਦੇਵਾਂਗੇ ਅਤੇ ਇਸੇ ਤਰਾਂ ਜਿਵੇਂ ਕੁਝ ਮਹੀਨੇ ਪਹਿਲਾਂ ਫਿਰੋਜਪੁਰ ਚ ਇੱਕ ਪ੍ਰਾਈਵੇਟ ਸਕੂਲ ਸੰਚਾਲਕ ਨੇ ਪਰਿਵਾਰ ਸਮੇਤ ਆਤਮਹੱਤਿਆ ਕੀਤੀ ਸੀ ਅਤੇ ਹੁਣ ਅਬੋਹਰ ਚ ਇਹ ਘਟਨਾ ਵਾਪਰ ਗਈ,ਸਾਡੀ ਯੂਨੀਅਨ ਵਲੋ ਸਰਕਾਰ ਨੂੰ ਬੇਨਤੀ ਹੈ ਕਿ ਪੀੜਿਤ ਪਰਿਵਾਰ ਨੂੰ ਮੁਆਵਜਾ ਅਤੇ ਉਸਦੀ ਪਤਨੀ ਨੂੰ ਸਰਕਾਰੀ ਨੌਕਰੀ ਮਿਲੇ,ਰੱਬ ਨਾ ਕਰੇ ਕਿ ਕਿਸੇ ਹੋਰ ਸਕੂਲ ਸੰਚਾਲਕ ਨੂੰ ਵੀ ਇਹੋ ਜਿਹਾ ਕਦਮ ਚੁੱਕਣ ਲਈ ਮਜਬੂਰ ਹੋਣਾ ਪਏ। ਉਹਨਾਂ ਕਿਹਾ ਕਿ ਜਿਸ ਦੀ ਮੁੱਖ ਵਜਾ ਬਿਨਾਂ ਸਰਟੀਫਿਕੇਟ ਤੇ ਬੱਚੇ ਨੂੰ ਅਗਲੀ ਕਲਾਸ ਚ ਦਾਖਲਾ ਦੇਣਾ ਹੈ,ਜਿਸ ਕਾਰਨ ਓ ਬਕਾਇਆ ਫੀਸ ਪਿਛਲੇ ਸਕੂਲ ਨੂੰ ਦਿਤੇ ਬਿਨਾਂ ਅਗਲੀ ਕਲਾਸ ਚ ਦਾਖਲਾ ਲੈ ਲੈਂਦਾ ਹੈ. ਵੱਡੇ CBSE ਅਤੇ ICSE ਸਕੂਲਾਂ ਤੇ ਕੋਈ ਫਰਕ ਨਹੀਂ ਪੈਂਦਾ ।ਪਰ ਛੋਟੇ ਸਕੂਲ ਇਸ ਦੀ ਬਲੀ ਚੜ੍ਹ ਜਾਂਦੇ ਹਨ । ਸਾਡੀ ਆਮ ਆਦਮੀ ਦੀ ਸਰਕਾਰ ਨੂੰ ਬੇਨਤੀ ਹੈ ਕਿ ਪ੍ਰਾਈਵੇਟ ਸਕੂਲਾਂ ਦੀ ਕੇਟਾਗਰੀ ਬਣਾਵੇ , ਜਿਸ ਵਿੱਚ ਇੱਕ ਪਾਸੇ ਵੱਡੇ CBSE ਅਤੇ ICSE ਸਕੂਲ ਹੋਣ , ਜਿਹਨਾਂ ਦਿਆਂ ਫੀਸਾਂ 25000 ਹਜ਼ਾਰ ਤੋਂ 100000 ਸਾਲ ਦਿਆਂ ਹਨ। ਦੂਜੇ ਪਾਸੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੂਲ ਹੋਣ । ਜਿਹਨਾਂ ਦਿਆਂ ਫੀਸਾਂ 3000 ਤੋਂ 15000 ਤਕ ਸਾਲ ਦਿਆਂ ਹਨ।